ਜੂਨ-ਜੁਲਾਈ ੧੯੯੬

# ਵਰਿਆਮ



ਸਦੀਆਂ ਤੋਂ ਚਾਹੇ ਪੂਰੀ ਮਿਲਦੀ ਨਹੀਂ ਮਜੂਰੀ, ਫੁਲਾਂ ਦਾ ਕੁਝ ਅਸਰ ਵੀ ਜੀਵਨ ਤੇ ਹੈ ਜ਼ਰੂਰੀ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

## ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !

| | |
|---|---|
| ✫ ਸਾਗਰ ਛੱਲਾਂ ਸੰਗ ਖੇਡਣ | ✫ ਆਸਮਾਨ ਤੋਂ ਝੀਲ ਵਿਚ ਤਿਲਕਣ |
| ✫ ਨਦੀ, ਵਿਚ ਤੈਰਨ | ✫ ਸਰੋਵਰ ਵਿਚ ਸਾਈਕਲ ਬੋਟ ਚਲਾਉਣ |
| ✫ ਆਕਾਸ਼ ਵਿਚ ਹੁਲਾਰੇ ਲੈਣ | ✫ ਬੱਚਾ ਰੇਲ ਗੱਡੀ ਦਾ ਹੂਟਾ ਲੈਣ |
| ✫ ਗੀਤ ਸੰਗੀਤ ਮਾਨਣ | ✫ ਅਨੰਦ ਲੈਣ ਵਾਸਤੇ ਪਧਾਰੋ |

### ਟਿਕਟ ਇਕ-ਖੇਲ ਅਨੇਕ
### ਦੇਸ਼ ਭਰ ਵਿਚ ਆਪਣੇ ਵਰਗਾ ਆਪ







# ਫਨ 'ਐੱਨ' ਫੂਡ ਵਿਲੇਜ

(ਪੋਲੋ ਅਮਿਊਜ਼ਮੈਂਟ ਪਾਰਕ ਲਿਮਿਟਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਉਂ ਰੋਡ, ਨਵੀਂ ਦਿੱਲੀ-110037

ਧੌਲਾ ਕੂਆਂ ਤੋਂ 11 ਕਿਲੋਮੀਟਰ-ਸੈਂਟੂਰ ਹੋਟਲ ਤੋਂ 3 ਕਿਲੋਮੀਟਰ)

ਫੋਨ : 5563587, 5564500-501-502-503 ਫੈਕਸ : 5563867

Sri Satguru Jagjit Singh Ji eLibrary NamdhariElibrary@gmail.com

https://archive.org/details/namdhari

*With best compliments from :*

**OSTER PARTNER**

**CARDIGANS • PULLOVERS**

*Ante-date Knitters*

A quality product of

**UDEY Knitwears**

Manufacturers & Exporters

Street No.3, Jammu Colony, Nr. Preet Palace,Opp Atam Park, LUDHIANA-141 003

Phones:405338, 36349, Fax:26070 ATTN.,24349



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ ਨਵੇਂ ਨਵੇਂ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ : **ਨਾਮਧਾਰੀ ਸੇਲਜ਼** ੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

***Namdhari Sales***

Manufacturers of :

**FURSHI DURRIES & CARPETS**

in Bright & Fast Colours

10240/54, Library Road, Azad Market, DELHI—110006
Phone : 7514784

Phone : Off. 671044, 671045
Resi. 670013

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

**Namdhari Engineering Works**

Mfrs. & General Suppliers of :
Truck Bus Body Parts, Nut, Bolts & All Kinds of Hardware Goods.
**E-190, Focal Point, LUDHIANA—141010**

**PUNJAB INDUSTRIES**

Specialist in : All Kinds of Truck Body Materials, Malaysia Sal Wood,
Teak Wood, Deodar, Partal, Champ, Hullak etc.

**E-190/A, Focal Point, Ludhiana—141001**

Phone : 664075

**Partap Trading Company**

**Dealers in : Truck & Bus Body Parts, Aulminium Sheets, Angle, Channels, Glass, Sunmica, Plywood & Hardwares.**

**G. T. Road, Opp. Transport Nagar, Ludhiana**




Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS
(SINGLE & DOUBLE BARRELS) 12-BORE GUNS
ALSO SALE & PURCHASES OF
INDIAN & IMPORTED (12-Bore Guns, Revolvers/Pistols N. P. Bore) Guns
Also Repairers of all Types of Guns



**Once Purchased Ever Purchased**

**Best Quality of The Day is Our Motto**

**Contact Us With Full Confidence :**

Hello : 533810

# Free India Gun Manufacturers

Prop.: S. KARTAR SINGH (JAMMU-WALE)
6, Industrial Estate, Ashok Nagar,
Jammu Cantt.-3

Sister Concern :

M/s KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

Gram 'SNIPER' Hallo : 531367

*Reputed Manufacturers Of :*

**Superior Quality**

**SINGLE BARREL**

**&**

**DOUBLE BARREL**

**B. L. – 12 BORE**

**«GUNS»**

**MODERN GUN WORKS**

**Opp. Industrial Estate,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਜੂਨ-ਜੁਲਾਈ ੧੯੯੬ ਜਿਲਦ-੨੧ ਅੰਕ—੮-੯

## ਤਤਕਰਾ


| | | |
|---|---|---|
| ਸ਼ਰਾਬ ਬੰਦ—ਪੰਜਾਬੀ ਲਾਗੂ | ਜਗਦੀਸ਼ ਸਿੰਘ | ੬ |
| ਗ਼ਜ਼ਲਾਂ | ਅਜੈਬ ਸਿੰਘ—ਗੁਲਸ਼ਨ ਮਿਰਜ਼ਾਪੁਰੀ | ੮ |
| ਦੋ ਪੈਰ ਘੱਟ ਤੁਰਨਾ | ਪ੍ਰੀਤਮ ਸਿੰਘ ਪੰਛੀ | ੧੦ |
| ਗਲੀ ਦਾ ਆਦਮੀ | ਰੂਪ ਦੇਵਗੁਣ | ੧੧ |
| ਕਵਿਤਾ ਨਾਲ ਲੜਾਈ | ਲਖਵਿੰਦਰ ਜੌਹਲ | ੧੨ |
| ਸਿਆਮ ਅਰਥਾਤ ਕੁਬੇਰ ਰਾਜ ਦੀ ਯਾਤਰਾ—(੪) | ਅਮਰ ਭਾਰਤੀ | ੧੪ |
| 'ਰੂਹਾਂ ਦੇ ਰੂਬਰੂ' ਦਾ ਪਾਠ ਕਰਦਿਆਂ | ਵਰਿਆਮ ਸਿੰਘ ਸੰਧੂ | ੧੮ |
| ਚਾਚਾ ਸਿੰਗਾਰਾ | ਅਨੂਪ ਵਿਰਕ | ੧੯ |
| ਅਸ਼ਟਾਵਕ੍ਰ | | ੨੪ |
| ਚਾਰ ਗ਼ਜ਼ਲਾਂ | ਡੀ. ਆਰ. ਧਵਨ | ੨੬ |
| ਪ੍ਰੋ. ਰੁਚੀ ਰਾਮ ਸਾਹਨੀ | ਡਾ. ਨਿਰਮਲ ਸਿੰਘ | ੨੭ |
| ਭਗਵਾਨ ਸਤਿਗੁਰੂ ਪ੍ਰਤਾਪ ਸਿੰਘ | ਪ. ਸ. ਕੰਵਲ | ੩੧ |
| ਨਾਮਧਾਰੀ ਵਿਦਿਅਕ ਜਥੇ ਦਾ ਹੁਲਾਰ | ਜਗਦੀਸ਼ ਸਿੰਘ | ੩੭ |


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੬੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

## ਪਾਠਕਾਂ ਨੂੰ ਬੇਨਤੀ

ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸੱਜਣਾਂ ਨੂੰ ਵਰਿਆਮ ਦੇ ਗਾਹਕ ਬਨਣ ਵਾਸਤੇ ਪ੍ਰੇਰੋ ।

—ਮੈਨੇਜਰ

☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ ।


| ਦਫਤਰ ਦਾ ਪਤਾ : | Office Address |
|---|---|
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੋਰ ਮਿਲ) | Ladowali Road, |
| ਜਲੰਧਰ ੧੪੪੦੦੧ | (Near Madan Flour Mill |
| | Jalandhar-144001 |
| ਫੋਨ—ਦਫਤਰ : ੨੨੨੫੪੩ | Ph. : 222543 (O) |
| ਘਰ : ੫੬੨੮੯ | 56289 (R) |




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਸ਼ਰਾਬ ਬੰਦ–ਪੰਜਾਬੀ ਲਾਗੂ

ਹਰਿਆਣਾ ਦੇ ਨਵੇਂ ਮੁਖ ਮੰਤਰੀ ਚੌਧਰੀ ਬੰਸੀ ਲਾਲ ਨੇ ਸੱਤਾ ਸੰਭਾਲਦਿਆਂ ਦੋ ਕੰਮ ਪ੍ਰਾਥਮਿਕਤਾ ਨਾਲ ਕੀਤੇ ਹਨ। ਇਕ ਤਾਂ ਸੂਬੇ ਵਿਚ ਪੂਰਨ ਸ਼ਰਾਬਬੰਦੀ ਲਾਗੂ ਕਰਨੀ ਅਤੇ ਦੂਸਰਾ ਪੰਜਾਬੀ ਨੂੰ ਰਾਜ ਵਿਚ ਦੂਸਰਾ ਸਥਾਨ ਦੇਣਾ। ਹਰਿਆਣੇ ਵਿਚ ਹੋਈਆਂ ਪਿਛਲੀਆਂ ਚੋਣਾਂ ਵਿਚ ਰਾਜ ਕਰ ਰਹੀ ਪਾਰਟੀ ਕਾਂਗਰਸ ਨੂੰ ਬੁਰੀ ਤਰ੍ਹਾਂ ਹਾਰ ਹੋਈ ਅਤੇ ਚੌਧਰੀ ਬੰਸੀ ਲਾਲ ਦੀ ਪਾਰਟੀ, ਹਰਿਆਣਾ ਵਿਕਾਸ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਸਾਂਝ ਭਿਆਲੀ ਨਾਲ ਰਾਜ ਸਿੰਘਾਸਨ ਤੇ ਸ਼ਸ਼ੋਭਤ ਹੋ ਗਈ। ਚੌਧਰੀ ਬੰਸੀ ਲਾਲ ਕਦੇ ਕਾਂਗਰਸ ਪਾਰਟੀ ਦੇ ਮਸ਼ਹੂਰ ਮੁਖ ਮੰਤਰੀ ਵਜੋਂ ਹਰਿਆਣਾ ਤੇ ਸ਼ਾਸਨ ਚਲਾਉਂਦੇ ਰਹੇ। ਐਮਰਜੈਂਸੀ ਵੇਲੇ ਉਹਨਾਂ ਦਾ ਬੜਾ ਚਰਚਾ ਰਿਹਾ। ਪਰਿਵਾਰ ਨਿਯੋਜਨ ਪ੍ਰੋਗਰਾਮ ਨੂੰ ਉਹਨਾਂ ਪੂਰੀ ਸਖਤੀ ਨਾਲ ਲਾਗੂ ਕੀਤਾ। ਇਕ ਹੋਰ ਕੰਮ ਉਹਨਾਂ ਕੀਤਾ ਕਿ ਪੰਜਾਬੀ ਭਾਸ਼ਾ ਜਿਹੜੀ ਕਿ ਕਦੇ ਸਾਂਝੇ ਪੰਜਾਬ ਵੇਲੇ ਹਰਿਆਣੇ ਦੀ ਵੀ ਸਰਕਾਰੀ ਭਾਸ਼ਾ ਸੀ, ਅਤੇ ਹੁਣ ਵੀ ਹਰਿਆਣੇ ਦੇ ਗਵਾਂਢੀ ਰਾਜ ਪੰਜਾਬ ਦੀ ਸਰਕਾਰੀ ਭਾਸ਼ਾ ਹੈ, ਉਸ ਦੀ ਥਾਂ ਤੇ ਦਖਣ ਦੀ ਭਾਸ਼ਾ ਤਾਮਲ ਨੂੰ ਰਾਜ ਦੀ ਦੂਜੀ ਭਾਸ਼ਾ ਦਾ ਦਰਜਾ ਦੇ ਦਿਤਾ।

ਐਮਰਜੰਸੀ ਦੀ ਸਜ਼ਾ ਜੋ ਕਾਂਗਰਸ ਨੂੰ ਭੁਗਤਣੀ ਪਈ ਉਹ ਇਤਿਹਾਸ ਦਾ ਹਿਸਾ ਹੈ। ਕੇਂਦਰ ਵਿਚੋਂ ਸ੍ਰੀਮਤੀ ਇੰਦਰਾ ਗਾਂਧੀ ਜਿਹੀ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਨੂੰ ਤਖਤ ਛਡਣਾ ਪਿਆ ਅਤੇ ਜਨਤਾ ਪਾਰਟੀ ਦੀ ਹਨੇਰੀ ਝੁੱਲ ਪਈ।

ਕੇਂਦਰ ਵਿਚ ਤਾਂ ਕਾਂਗਰਸ ਪਾਰਟੀ ਅਤੇ ਸ੍ਰੀਮਤੀ ਗਾਂਧੀ ਦੁਬਾਰਾ ਸੱਤਾ ਉਤੇ ਕਾਬਜ਼ ਹੋ ਗਈ। ਹਰਿਆਣਾ ਵਿਚ ਵੀ ਕਾਂਗਰਸ ਪਾਰਟੀ ਮੁੜ ਤਾਕਤ ਵਿਚ ਆਈ। ਚੌਧਰੀ ਭਜਨ ਲਾਲ ਬੜੇ ਜਲੌਅ ਅਤੇ ਤਾਕਤ ਵਾਲੇ ਮੁਖ ਮੰਤਰੀ ਰਹੇ ਪਰ ਚੌਧਰੀ ਬੰਸੀ ਲਾਲ ਸੱਤਾ ਤੋਂ ਵੀ ਲਾਂਭੇ ਰਹੇ ਅਤੇ ਕਾਂਗਰਸ ਪਾਰਟੀ ਦੀ ਮੈਂਬਰੀ ਤੋਂ ਵੀ। ਲੰਮਾ ਸਮਾਂ ਉਹ ਰਾਜ ਦੀ ਸਿਆਸਤ ਵਿਚੋਂ ਲਗ ਭਗ ਮਨਫੀ ਹੀ ਹੋ ਗਏ। ਫੇਰ ਉਹਨਾ ਹਰਿਆਣਾ ਵਿਕਾਸ ਪਾਰਟੀ ਨੂੰ ਉਸਾਰਿਆ ਅਤੇ ਚੋਣਾਂ ਲੜੀਆਂ। ਇਸ ਸਮੇਂ ਉਹਨਾਂ ਹਰਿਆਣਾ ਵਾਸੀਆਂ ਦੀ ਨਬਜ਼ ਨੂੰ ਟੋਹਿਆ ਪਛਾਣਿਆਂ ਅਤੇ ਦੋ ਵਾਅਦੇ ਕੀਤੇ। ਇਕ ਤਾ ਹਰਿਆਣੇ ਦੀਆਂ ਔਰਤਾਂ ਦੀ ਮੰਗ ਤੇ ਉਹਨਾਂ ਇਹ ਐਲਾਨ ਕੀਤਾ ਕਿ ਜੇ ਹਰਿਆਣਾ ਦੀ ਜਨਤਾ ਨੇ ਉਹਨਾਂ ਦੀ ਪਾਰਟੀ ਨੂੰ ਸ਼ਾਸਨ ਦਾ ਕਲਮਦਾਨ ਸੰਭਾਲਿਆ ਤਾਂ ਉਹ ਸਭ ਤੋਂ ਪਹਿਲਾਂ ਇਸ ਕਲਮ ਨਾਲ ਹਰਿਆਣਾ ਚੋਂ ਸ਼ਰਾਬ ਦੀ ਵਿਕਰੀ ਅਤੇ ਨਿਰਮਾਨ ਉਤੇ ਪਾਬੰਦੀ ਲਾਉਣਗੇ ਅਤੇ ਦੂਜਾ ਪੰਜਾਬੀ ਨੂੰ ਹਰਿਆਣਾ ਦੀ ਦੂਸਰੀ ਭਾਸ਼ਾ ਬਨਾਉਣ ਦਾ ਹੁਕਮ ਜਾਰੀ ਕਰਣਗੇ।

ਤੇ ਸਚਮੁੱਚ ਉਹਨਾਂ ਮੁਖ ਮੰਤਰੀ ਬਣਦਿਆਂ ਹੀ ਇਹ ਦੋਵੇਂ ਕੰਮ ਕੀਤੇ ਵੀ।

ਜਿਥੋਂ ਤਕ ਪੰਜਾਬੀ ਨੂੰ ਦੂਸਰੀ ਰਾਜ ਭਾਸ਼ਾ ਬਨਾਉਣ ਦਾ ਸਬੰਧ ਸੀ ਇਹ ਤਾਂ ਜਾਦੂ ਸੀ ਜੋ ਸਿਰ ਚੜ੍ਹ ਬੋਲਦਾ ਸੀ। ਹਰਿਆਣਾ ਦੀ ਰਾਜਨੀਤੀ ਦਾ ਤਕਾਜ਼ਾ ਸੀ ਕਿ ਹਰ ਪਾਰਟੀ ਪੰਜਾਬੀਆਂ ਦੀ ਵੋਟਾਂ ਦੀ ਝਾਕ ਰਖਦੀ। ਚੋਣਾਂ ਤੋਂ ਪਹਿਲਾਂ ਦੇ ਪੰਜਾਬੀਆਂ ਦੇ ਜਲਸੇ ਅਸੀਂ ਆਪ ਅੱਖੀਂ ਵੇਖੇ ਹਨ। ਇਹਨਾਂ ਜਲਸਿਆਂ ਵਿਚ ਆਏ ਭਰਵੇਂ ਹਜੂਮ ਪੰਜਾਬੀ ਲੋਕ ਗਾਇਕੀ ਦਾ ਅਨੰਦ ਮਾਣਦੇ ਅਤੇ ਇਹ ਭਰਵੀਆਂ ਹਾਜ਼ਰੀਆਂ ਨੂੰ ਪਾਰਟੀਆਂ ਵਾਲੇ ਵੋਟਾਂ ਵਿਚ ਭਨਾਉਣ ਲਈ ਰਾਲਾਂ ਵਗਾਉਂਦੇ। ਇਹ ਵੀ ਸਮੇਂ ਦੀ ਰਾਜਨੀਤੀ ਦੀ ਮੰਗ ਸੀ ਕਿ ਭਾਰਤੀ ਜਨਤਾ ਪਾਰਟੀ ਨੇ ਦਿਲੀ ਰਾਜ ਤੇ ਕਬਜ਼ੇ ਪਿਛੋਂ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣਾ ਐਲਾਨਿਆ। ਹਰਿਆਣਾ ਵਿਚ ਕਾਂਗਰਸ ਵੀ ਇਸ ਗਲ ਨੂੰ ਮੰਨਣ ਲਗ ਪਈ ਸੀ।

ਪਰ ਮੰਨਣਾ ਹੋਰ ਗਲ ਹੈ ਅਤੇ ਮੰਨੇ ਹੋਏ ਨੂੰ ਅਮਲ ਦੇਣਾ ਦੂਸਰੀ ਗਲ। ਚੌਧਰੀ ਬੰਸੀ ਲਾਲ ਨੇ ਪੰਜਾਬੀ ਲਾਗੂ ਕਰਕੇ ਆਪਣੀ ਪਹਿਲੀ ਗਲਤੀ ਵੀ ਸੁਧਾਰੀ ਹੈ ਅਤੇ ਪਰਸੰਸਾਂ ਵੀ ਖੱਟੀ ਹੈ।

ਹਰਿਆਣਾ ਕੀ, ਸਾਰੇ ਦੇਸ਼ ਵਿਚ ਹੀ ਸ਼ਰਾਬ ਪੀਣ ਦੀ ਲਤ ਦੇ ਕਰਿਸ਼ਮੇ ਵੇਖਣ ਸੁਨਣ ਨੂੰ ਮਿਲਦੇ ਹਨ। ਸ਼ਰਾਬ ਨੇ ਘਰਾਂ ਦੇ ਘਰ ਤਬਾਹ ਕੀਤੇ ਹਨ। ਹਰਿਆਣਾ ਵਿਚ ਵਿਸ਼ੇਸ਼ ਤੌਰ ਤੇ ਔਰਤਾਂ ਇਸ ਤੋਂ ਬਹੁਤ ਦੁਖੀ ਸਨ ਅਤੇ ਉਹਨਾਂ ਨੇ ਖੁਲੇਆਮ ਸ਼ਰਾਬ ਦੇ ਵਿਰੁਧ ਪਰਚਾਰ ਵੀ ਕੀਤਾ ਅਤੇ ਇਸ ਦੇ ਵਿਰੁਧ ਵੋਟਾਂ ਦੇਣ ਦਾ ਭਰੋਸਾ ਵੀ ਦਵਾਇਆ। ਚੌਧਰੀ ਬੰਸੀ ਲਾਲ ਨੇ ਔਰਤਾਂ ਦੇ ਇਸ ਰੋਹ ਨੂੰ ਆਪਣੇ ਹੱਕ ਵਿਚ ਭਣਵਾਇਆ।

੧ ਜੁਲਾਈ ਤੋਂ ਪੂਰਨ ਨਸ਼ਾਬੰਦੀ ਹਰਿਆਣਾ ਵਿਚ



Sri Satguru Jagjit Singh Ji eLibrary NamdhariElibrary@gmail.com

ਲਾਗੂ ਕੀਤੀ ਗਈ ਹੈ। ਜਿਥੋਂ ਤਕ ਸ਼ਰਾਬ ਦੀ ਲਾਅਨਤ ਦਾ ਤਅਲਕ ਹੈ। ਗਰੀਬ ਲੋਕ ਅਤੇ ਵਿਸ਼ੇਸ਼ ਕਰਕੇ ਔਰਤਾਂ ਬਹੁਤ ਦੁਖੀ ਸਨ। ਉਹਨਾਂ ਦੇ ਮਰਦਾਂ ਨੂੰ ਸ਼ਰਾਬ ਨੇ ਡਕਾਰ ਲਿਆ ਸੀ। ਨਸ਼ਾ ਗਰੀਬੀ ਬੇਕਾਰੀ, ਬੇਧਿਆਨੀ, ਬੀਮਾਰੀ ਕਲੇਸ਼ ਇਸੇ ਸ਼ਰਾਬ ਦੇ ਨਾਂਅ ਹੀ ਹਨ। ਇਸ ਵਾਸਤੇ ਆਮ ਲੋਕਾਂ ਨੂੰ ਰਾਹਤ ਮਿਲੀ ਉਹ ਮਹਿਸੂਸ ਕਰਨ ਭਾਵੇਂ ਨਾ। ਪਰ ਦੂਸਰੇ ਪਾਸੇ ਇਹ ਵੀ ਹਕੀਕਤ ਹੈ ਕਿ ਲਿਖਾਰੀ ਸ਼ਾਇਰ ਲੋਕ ਲੰਮੇ ਸਮੇਂ ਤੋਂ ਬਾਕੀ ਦੀਆਂ ਗਲਾਂ ਛੱਡ ਕੇ ਸ਼ਰਾਬ ਦੇ ਗੁਣ ਗਾਉਣ ਵਿਚ ਹੀ ਲਗੇ ਰਹੇ ਹਨ। ਬਹੁਤ ਸਾਰੇ ਗੁਣਵਾਨ ਸ਼ਾਇਰ, ਗਾਲਿਬ ਤੋਂ ਲੈ ਕੇ ਸ਼ਿਵ ਕੁਮਾਰ ਤਕ ਦਾਰੂ ਵਿਚ ਹੀ ਗਰਕ ਹੋ ਗਏ। ਉਰਦੂ ਸ਼ਾਇਰ ਜਿਗਰ ਮੁਰਾਦਾਬਾਦੀ ਦਾ ਸ਼ੇਅਰ ਹੈ :

ਸਭ ਕੋ ਮਾਰਾ ਜਿਗਰ ਕੇ ਸ਼ਿਅਰੋਂ ਨੇ
ਔਰ ਜਿਗਰ ਕੋ ਸ਼ਰਾਬ ਨੇ ਮਾਰਾ

ਡਾ: ਇਕਬਾਲ ਜਿਹੇ ਕੱਟੜ ਮੁਸਲਮਾਨ ਅਤੇ ਸ਼ਾਇਦ ਪਰਹੇਜ਼ਗਾਰ ਸ਼ਾਇਰ ਨੇ ਆਜ਼ਾਦੀ ਅਤੇ ਸਾਂਝੀਵਾਲਤਾ ਨੂੰ ਵੀ ਸ਼ਰਾਬ ਦੀਆਂ ਤਸ਼ਬੀਹਾਂ ਦਿਤੀਆਂ।

ਗੁਜ਼ਰ ਗਿਆ ਅਬ ਵੁਹ ਦੌਰ ਸਾਕੀ
ਕਿ ਛੁੱਪ ਕੇ ਪੀਤੇ ਥੇ ਪੀਣੇ ਵਾਲੇ

ਬਣੇਗਾ ਸਾਰਾ ਜਹਾਂ ਮੈਖਾਨਾ
ਹਰ ਕੋਈ ਬਾਦਾਖਾਰ ਹੋਗਾ ॥

ਵਡੀਆਂ ਵਡੀਆਂ ਸਲਤਨਤਾਂ ਇਸ ਸ਼ਰਾਬ ਨੇ ਡੋਬੀਆਂ ਹਨ। ਸ਼ਾਇਰ ਦਾ ਇਹ ਕਥਨ ਕਿੰਨਾ ਸਾਰਥਕ ਹੈ :

ਕੌਮਾਂ ਦੀਆਂ ਤਕਦੀਰਾਂ ਘੁੰਮਣ ਦੋ ਅੱਖਰਾਂ ਦੇ ਦੁਆਲੇ।
ਉੱਠਣ ਹੱਥ ਸ਼ਮਸ਼ੀਰਾਂ ਲੈ ਕੇ ਮਰਨ ਸ਼ਰਾਬ ਪਿਆਲੇ।

ਸ਼ਰਾਬ ਦੇ ਪਿਆਲੇ ਵਿਚ ਕਿਹੜੀਆਂ ਕੌਮਾਂ ਮਰੀਆਂ ਇਸ ਦੀ ਗਵਾਹੀ ਦੀ ਲੋੜ ਨਹੀਂ।

ਉਰਦੂ ਸ਼ਾਇਰ ਤਾਂ ਵਿਸ਼ੇਸ਼ ਕਰਕੇ ਸ਼ਰਾਬ, ਸ਼ਰਾਬਖਾਨਾ, ਜਾਮ, ਸੁਰਾਹੀ ਅਤੇ ਸ਼ਰਾਬ ਪਿਆਉਣ ਵਾਲੇ ਜਾਂ ਵਾਲੀ ਸਾਕੀ ਦੇ ਹੀ ਗੁਣ ਗਾਉਂਦੇ ਰਹੇ। ਵਕਤ ਦੀ ਧਾਰਾ ਜਿਨ੍ਹਾਂ ਸ਼ਾਇਰਾਂ ਬਦਲੀ ਉਹ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜਿਹੇ ਸਨ ਜਿਹਨਾਂ ਆਪਣੇ ਪੈਰੋਕਾਰਾਂ ਨੂੰ ਇਸ ਲਤ ਤੋਂ ਨਿਜਾਤ ਦਿਵਾਈ।

ਹਰਿਆਣਾ ਵਿਚ ਸ਼ਰਾਬਬੰਦੀ ਲਾਗੂ ਕਰਨ ਦੇ ਫੈਸਲੇ ਨੂੰ ਵੀ ਜ਼ਿਆਦਾਤਰ ਲੇਖਕਾਂ ਨੇ ਸੁਖ ਨਾਲ ਨਹੀਂ ਵੇਖਿਆ। ਅਖਬਾਰਾਂ ਵਿਚ ਬਹੁਤੇ ਲੇਖ ਕਿਸੇ ਨਾ ਕਿਸੇ ਤਰ੍ਹਾਂ ਦੇ ਵਿਅੰਗ ਕਰਨ ਲਈ ਲਿਖੇ। ਚੰਡੀਗੜ੍ਹ ਤੋਂ ਨਿਕਲਦੇ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈਸ' ਵਿਚ ਇਕ ਮਜ਼ਮੂਨ ਛਪਿਆ "ਦ ਲਾਸਟ ਚੀਅਰ"। ਇਸ ਦਾ ਮੋਟਾ ਜਿਹਾ ਅਰਥ ਹੈ—ਸ਼ਰਾਬ ਪੀਣ ਦੀ ਆਖਰੀ ਖੁਸ਼ੀ। ਅਖਬਾਰ ਨੇ ਸ਼ਰਾਬਬੰਦੀ ਤੋਂ ਇਕ ਦੋ ਦਿਨ ਪਹਿਲਾਂ ਦੀਆਂ ਸ਼ਰਾਬ ਦੇ ਠੇਕਿਆਂ ਅਗੇ ਇਕੱਠੀਆਂ ਹੋਈਆਂ ਭੀੜਾਂ ਦੀਆਂ ਤਸਵੀਰਾਂ ਛਾਪੀਆਂ ਅਤੇ ਦੋ ਮਨਘੜਤ ਦੋਹਰੇ ਵੀ ਛਾਪੇ। ਇਕ ਵਿਚ ਰਾਧਾ ਸੁਆਮੀਆਂ ਦਾ ਮਖੌਲ ਉਡਾਇਆ ਸੀ। ਦੂਜੇ ਵਿਚ ਲਿਖਿਆ ਸੀ—"ਨਾਨਕ ਦੁਖੀਆ ਸਭ ਸੰਸਾਰ, ਸੋ ਸੁਖੀਆ ਜੋ ਪੀਏ ਸ਼ਰਾਬ"। ਇਸ ਘੋਰ ਗੁਸਤਾਖ਼ੀ ਵਿਰੁਧ ਰੋਹ ਦਾ ਲਾਵਾ ਪੂਰਾ ਭੜਕਣ ਤੋਂ ਪਹਿਲਾਂ ਪਹਿਲਾਂ ਹੀ ਅਖਬਾਰ ਵਲੋਂ ਮੁਆਫ਼ੀਨਾਮੇ ਪ੍ਰਕਾਸ਼ਤ ਕੀਤੇ ਗਏ। ਆਰਥਕ ਪੱਖ ਤੋਂ ਵੀ ਨਸ਼ਾਬੰਦੀ ਦੇ ਨੁਕਸਾਨ ਉਤੇ ਖੁਲ੍ਹ ਕੇ ਲਿਖਿਆ ਜਾ ਰਿਹਾ ਹੈ। ਜਿਵੇਂ ਇਸ ਗੱਲ ਤੇ ਜ਼ੋਰ ਦਿਤਾ ਜਾ ਰਿਹਾ ਹੋਵੇ ਕਿ ਸ਼ਰਾਬ ਤੋਂ ਆਮਦਨੀ ਨਾਲ ਹੀ ਸਰਕਾਰ ਚਲਾਈ ਚਲੋ ਸਾਨੂੰ ਕੁਝ ਨਾ ਕਹੋ। ਇਹ ਦਲੀਲ ਪੁਰਾਣੀ ਹੈ, ਜਵਾਬ ਵੀ ਪੁਰਾਣਾ ਕਿ ਜੇ ਸ਼ਰਾਬ ਦੀ ਆਮਦਨ ਜਾਇਜ਼ ਹੈ ਤਾਂ ਹੋਰ ਕੁਰੀਤੀਆਂ ਚੋਰੀ, ਕਤਲ, ਬਲੈਕ, ਬੇਈਮਾਨੀ ਦੀ ਆਮਦਨੀ ਨਾਲ ਵੀ ਦੇਸ਼ ਚੱਲ ਸਕਦਾ ਹੈ। ਕਦੇ ਦਸਾਂ ਨਹੁੰਆਂ ਦੀ ਕਿਰਤ ਨੂੰ ਸਭ ਤੋਂ ਸੁੱਚੀ ਅਤੇ ਪਵਿੱਤਰ ਮੰਨਿਆ ਜਾਂਦਾ ਸੀ। ਉਸ ਵਿਚ ਬਰਕਤ ਵੀ ਅਥਾਹ ਹੁੰਦੀ ਸੀ। ਅਜ ਸਰਕਾਰਾਂ ਵਾਸਤੇ ਹੀ ਨਹੀਂ, ਆਪਣਾ ਘਰ ਚਲਾਉਣ ਵਾਸਤੇ ਮਾੜੇ ਤੋਂ ਮਾੜੇ ਢੰਗ ਨਾਲ ਕਮਾਏ ਪੈਸੇ ਨੂੰ ਵੀ ਜਾਇਜ਼ ਸਮਝਿਆ ਜਾਂਦਾ ਹੈ। ਸਿੱਟਾ ਕੀ ਹੈ? ਘਰਾਂ ਵਿਚ ਵੀ ਤੇ ਦੇਸ਼ ਵਿਚ ਵੀ ਘੁਟਾਲਿਆਂ, ਭ੍ਰਿਸ਼ਟਾਚਾਰ ਦਾ ਹੀ ਬੋਲਬਾਲਾ ਹੈ।

ਬੰਸੀ ਲਾਲ ਜੀ ਦਾ ਕੰਮ ਸੌਖਾ ਨਹੀਂ। ਟੈਕਸ ਲੱਗੇ ਹਨ, ਰੌਲਾ ਪੈਣਾ ਕੁਦਰਤੀ ਸੀ। ਹੋਰ ਵੀ ਉਪਰੋਂ ਥੱਲਿਓਂ ਬੇਬਹਾ ਦਬਾਅ ਪੈਣਗੇ। ਅਗੇ ਵੀ ਲੋਕ-ਚੋਣਾਂ ਤੋਂ ਪਹਿਲਾਂ ਵਾਅਦੇ ਕਰਦੇ ਸਨ। ਸ਼ਰਾਬਬੰਦੀ ਦੇ ਵੀ ਕਰਦੇ ਸਨ, ਪਰ ਚੋਣਾਂ ਤੋਂ ਬਾਅਦ ਲਾਗੂ ਨਹੀਂ ਸਨ ਕਰਦੇ। ਇਹਦੇ ਵਾਸਤੇ ਤਕੜੀ ਜਾਨ ਚਾਹੀਦੀ ਹੈ। ਬੰਸੀ ਲਾਲ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਜੋ ਵਾਅਦਾ ਕੀਤਾ, ਉਹ ਪੂਰਾ ਕਰਕੇ ਤਾਂ ਵਿਖਾਇਆ ਹੈ। ਕਿਸੇ ਦਬਾਓ ਦੇ ਅੱਗੇ ਗੋਡੇ ਤਾਂ ਨਹੀਂ ਟੇਕੇ। ਉਹਨਾਂ ਪੰਜਾਬੀ ਵੀ ਲਾਗੂ ਕੀਤੀ ਨਿਰਾ ਵਾਅਦਾ ਹੀ ਨਹੀਂ ਕੀਤਾ। ਇਸੇ ਗੱਲ ਕਰਕੇ ਹੀ ਅਸੀਂ ਚੌਧਰੀ ਬੰਸੀ ਲਾਲ ਜੀ ਦੀ ਸਲਾਹੁਤਾ ਕਰਦੇ ਹਾਂ।

—ਜਗਦੀਸ਼ ਸਿੰਘ

# ਮਾਸਟਰ ਨਿਹਾਲ ਸਿੰਘ ਜੀ

ਵਿਸ਼ਵ ਨਾਮਧਾਰੀ ਵਿਦਿਅਕ ਸੰਮੇਲਨ 'ਤੇ ਇਸ ਵਾਰ ਪੰਥ ਰਤਨ ਨਿਹਾਲ ਸਿੰਘ ਜੀ ਨੂੰ ਆਸ਼ੀਰਵਾਦ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਮਾਸਟਰ ਜੀ ਸਰਬ ਹਿੰਦ ਨਾਮਧਾਰੀ ਦਰਬਾਰ ਦੇ ਪ੍ਰਧਾਨ ਵੀ ਹਨ ਅਤੇ ਵਿਦਿਅਕ ਜਥੇ ਦੇ ਬਾਨੀ ਪ੍ਰਧਾਨ ਵੀ। ਨਾਮਧਾਰੀ ਪੰਥ ਦੇ ਇਸ ਰਾਜ-ਯੋਗੀ ਵਿਚ ਨਿਰਮਾਣਤਾ ਅਤੇ ਸਮਰਪਣ ਦੇ ਗੁਣ ਹਰ ਇਕ ਤੇ ਪ੍ਰਭਾਵ ਪਾਉਂਦੇ ਹਨ। ਅੱਗੇ 'ਪੰਥ ਰਤਨ' ਦੀ ਉਚਤਮ ਉਪਾਧੀ ਨਾਲ ਆਪ ਸਨਮਾਨਤ ਹਨ। ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਦਿੱਲੀ ਵਿਚ ਆਪ ਦੇ ਅਧਿਆਪਨ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਮੁਖ ਰੱਖਦਿਆ ਵਿਸ਼ੇਸ਼ ਸਨਮਾਨ ਕੀਤਾ ਗਿਆ ਸੀ। ਹੋਰ ਵੀ ਅਨਗਿਣਤ ਸਨਮਾਨ ਆਪ ਨੂੰ ਮਿਲੇ ਹਨ ਅਤੇ ਅਨਗਿਣਤ ਲੋਕਾਂ ਨੂੰ ਆਪ ਦੁਆਰਾ ਸਨਮਾਨਤ ਕੀਤਾ ਗਿਆ ਹੈ।

ਛਿਆਸੀ ਸ਼ਾਲ ਦੀ ਉਮਰ ਵਿਚ ਵੀ ਆਪ ਨੌਜਵਾਨਾਂ ਤੋਂ ਵਧ ਸਰਗਰਮ ਹਨ। ਸਦਾ ਸੰਤੁਸ਼ਟ ਰਹਿਣ ਵਾਲੇ ਮਾਸਟਰ ਨਿਹਾਲ ਸਿੰਘ ਜੀ ਨੂੰ ਸੁੱਖ, ਸਮਰਿਧੀ ਅਤੇ ਸੋਭਾ ਅਪਾਰ ਮਿਲੀ ਹੈ, ਪਰ ਆਪ ਪਾਣੀ ਵਿਚ ਕਮਲ ਵਾਂਗ ਇਹਨਾਂ ਸਭ ਗੱਲਾਂ ਤੋਂ ਉੱਪਰ ਹਨ। ਗੁਰੂ ਹਰੀ ਸਿੰਘ ਮਹਾ-ਵਿਦਿਆਲਾ ਦੇ ਹਜ਼ਾਰਾਂ ਵਿਦਿਆਰਥੀ ਅਤੇ ਸੈਂਕੜੇ ਅਨਪੜ੍ਹ ਬਾਲਗ਼ਾਂ ਨੇ ਆਪ ਤੋਂ ਵਿਦਿਆ ਦਾਨ ਪ੍ਰਾਪਤ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਇਸ ਅਨਿੰਨ ਅਤੇ ਮਿਸਾਲੀ ਸੇਵਕ ਨੂੰ ਸਨਮਾਨ-ਚਿੰਨ੍ਹ, ਸਿਰੋਪਾ, ਮਾਇਆ ਬਖਸ਼ਕੇ ਜਿਥੇ ਆਸ਼ੀਰਵਾਦ ਪ੍ਰਦਾਨ ਕੀਤਾ ਹੈ, ਉਥੇ ਨੌਜਵਾਨਾਂ ਅਗੇ ਇਕ ਚੰਗੀ ਸੱਚੀ-ਸੁੱਚੀ ਆਦਰਸ਼ ਜ਼ਿੰਦਗੀ ਦਾ ਮਾਡਲ ਵੀ ਪੇਸ਼ ਕੀਤਾ ਹੈ। ਮਾਸਟਰ ਜੀ ਨੂੰ ਵਧਾਈਆਂ ਪੇਸ਼ ਕਰਦਿਆਂ ਉਹਨਾਂ ਦੀ ਸ਼ਖ਼ਸੀਅਤ ਦੇ ਹਾਣ ਦੇ ਸ਼ਬਦ ਨਹੀਂ ਮਿਲ ਰਹੇ।

—ਜਗਦੀਸ਼ ਸਿੰਘ

# ਗ਼ਜ਼ਲ

—ਅਜੈਬ ਸਿੰਘ

ਯਾਰ ਅੰਦਰੇ ਜੇ ਯਾਰ ਅੰਦਰੇ ਜੇ
ਚਾਬੀ ਲਾਉਣ ਦੀ ਜਾਚ ਜੇ ਜੰਦਰੇ ਜੇ
ਕਣ ਕਣ ਦੇ ਵਿਚ ਹੈ ਜੋਤ ਉਸ ਦੀ
ਨਾ ਉਹ ਮਸਜਦੇ ਜੇ ਨਾ ਉਹ ਮੰਦਰੇ ਜੇ

ਲਾਰਾ ਲਾ ਸਵਰਗ ਦਾ ਠਗੀ ਜਾਂਦੇ
ਸਾਡੇ ਪੰਡਤ ਪੁਜਾਰੀ ਈ ਚੰਦਰੇ ਜੇ

ਘਰ ਵਾਲੇ ਦੀ ਜਿਥੇ ਨਾ ਪੁੱਛ ਹੋਵੇ
ਉਸ ਘਰ ਨੂੰ ਲਗਦੇ ਜੰਦਰੇ ਜੇ

ਜੀਹਨੂੰ ਮਿਲਿਆ ਉਹ ਸਹਿਜ ਸੁਭਾ ਮਿਲਿਆ
ਨਾਂ ਉਹ ਗੁਫਾ 'ਚ ਮਿਲੇ ਨਾ ਕੰਦਰੇ ਜੇ

ਹੈ ਜੇ ਮਿਲਣ ਦੀ ਤਾਂਘ ਤਾਂ ਖੋਜ ਆਪਾ
ਕਾਹਨੂੰ ਟਕਰਾਂ ਮਾਰਦੇ ਅੰਬਰੇ ਜੇ।

ਅਸੀਸ, ਦੀ ਮਾਲ ਕਪੂਰਥਲਾ

# ਗ਼ ਜ਼ ਲ

—ਗੁਲਸ਼ਨ ਮਿਰਜ਼ਾਪੁਰੀ

ਦੇਖਾਂ ਜਿਧਰ, ਆਵਣ ਨਜ਼ਰ ਘੜੀਆਂ ਉਦਾਸੀਆਂ।
ਬਾਗ਼ਾਂ 'ਚ ਕਲੀਆਂ ਧੁਖਦੀਆਂ ਸੜੀਆਂ ਨੇ ਤਿਤਲੀਆਂ।
ਬੁੱਢੇ ਬਿਰਖ ਨੂੰ ਆਪ ਹੀ ਹੱਥੀਂ ਜਲਾ ਲਿਆ,
ਹੁਣ ਕੀ ਕਰੋਗੇ ਉਸ ਦੀਆਂ ਯਾਦਾਂ ਸੰਭਾਲੀਆਂ।
ਉਸ ਘਰ 'ਚ ਮੁੜ ਕੇ ਨਾ ਕਦੇ ਚਮਕੀ ਕੋਈ ਕਿਰਨ,
ਜਿਸ ਘਰ 'ਤੇ ਡਿਗੀਆਂ ਸਨ ਕਦੇ ਸ਼ਾਮਾਂ ਨੂੰ ਬਿਜਲੀਆਂ।
ਤੱਕਿਆ ਹੈ ਸਾਡੀ ਨਸਲ ਨੇ ਨਦੀਆਂ ਦੇ ਵਿਚ ਲਹੂ,
ਮੰਨੇ ਕਿਵੇਂ ਉਹ ਦੁੱਧ ਦੀਆਂ ਨਦੀਆਂ ਸੀ ਵਗਦੀਆਂ।
ਚਾਨਣ ਦੇ ਨਾਲ ਨੇਰ੍ਹ ਦਾ ਰਿਸ਼ਤਾ ਸਦੀਵ ਹੈ,
ਸੁਕਰਾਤ ਦੇ ਸੰਗ ਵਿਹੁ ਦੀਆਂ ਗੱਲਾਂ ਵੀ ਆਉਣੀਆਂ।

ਪਿੰਡ ਤੇ ਡਾਕਖਾਨਾ ਸੰਗਲ ਸੋਹਲ



Sri Satguru Jagjit Singh Ji eLibrary NamdhariElibrary@gmail.com

# ਰੂੰ-ਦਾਰ ਟੋਪੀ ਪਹਿਨਣ ਵਾਲੇ ਭੇਡ ਦੇ ਦਰਦ ਨੂੰ ਕੀ ਜਾਨਣ !

ਗੋਰਖਪੁਰ (ਵਾਰਤਾ)—ਸੁੰਦਰਤਾ ਵਧਾਉਣ ਦੇ ਸਾਧਨਾਂ ਅਤੇ ਫ਼ੈਸ਼ਨ ਦੀਆਂ ਵਸਤੂਆਂ ਦੇ ਨਿਰਮਾਣ 'ਚ ਕਿੰਨੇ ਜੀਵ-ਜੰਤੂਆਂ ਦੇ ਪ੍ਰਾਣਾਂ ਦੀ ਬਲੀ ਦਿੱਤੀ ਜਾਂਦੀ ਹੈ, ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਾ ਹੋਵੇ। ਭਾਰਤੀ ਜੰਤੂ ਕਲਿਆਣ ਬੋਰਡ ਦੇ ਅਧਿਕਾਰੀ ਡਾ: ਬਰਜੇਸ਼ ਕੁਮਾਰ ਸਿੰਘ ਨੇ ਦਸਿਆ ਕਿ ਸੁੰਦਰਤਾ ਵਧਾਉਣ ਦੇ ਸਾਧਨਾਂ ਦੇ ਨਿਰਮਾਣ 'ਚ ਇਸਤੇਮਾਲ ਹੋਣ ਕਾਰਨ ਜੀਵ-ਜੰਤੂਆਂ ਦੀਆਂ ਘਟ ਤੋਂ ਘਟ ੧੩੦ ਪਰਜਾਤੀਆਂ ਅਲੋਪ ਹੋ ਗਈਆਂ ਹਨ ਅਤੇ ੨੪੦ ਅਜਿਹੀਆਂ ਹਨ, ਜੋ ਅਲੋਪ ਹੋਣ ਦੇ ਕੰਢੇ ਪਹੁੰਚ ਗਈਆਂ ਹਨ। ਡਾ: ਸਿੰਘ ਅਨੁਸਾਰ ਕਰਾਕੁਲ ਭੇਡ, ਗਿਨੀਪਿਗ, ਲਾਰੇਸ ਬਾਂਦਰ, ਵੀਵਰ ਸੱਪ, ਬਿੱਛੂ, ਖਰਗੋਸ਼, ਰੇਸ਼ਮ ਦਾ ਕੀੜਾ ਆਦਿ ਕਈ ਅਜਿਹੇ ਬੇਜ਼ੁਬਾਨ ਪ੍ਰਾਣੀ ਹਨ, ਜਿਨ੍ਹਾਂ ਦੀ ਸੁੰਦਰਤਾ ਵਧਾਉਣ ਵਾਲੇ ਸਾਮਾਨ 'ਚ ਵੱਡੀ ਪੱਧਰ 'ਤੇ ਵਰਤੋਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕੀਮਤੀ ਰੂੰਦਾਰ ਟੋਪੀ ਬਣਾਉਣ ਲਈ ਮਾਦਾ ਕਰਾਕੁਲ ਭੇਡ ਨੂੰ ਮਾਰ ਕੇ ਉਸੇ ਦੇ ਪੇਟ ਚੋਂ ਜਿਉਂਦਾ ਮੇਮਣਾ ਕਢਿਆ ਜਾਂਦਾ ਹੈ ਅਤੇ ਉਸ ਦੀ ਖੱਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਡਾ: ਸਿੰਘ ਨੇ ਦਸਿਆ ਕਿ ਕੱਛੂ ਦੇ ਕੋਮਲ ਅੰਗਾਂ ਨੂੰ ਸੁਕਾ ਸੁਕਾ ਵਿਸ਼ੇਸ਼ ਪ੍ਰਕਾਰ ਦਾ ਤੇਲ ਬਣਾਇਆ ਜਾਂਦਾ ਹੈ, ਜੋ ਸੁੰਦਰਤਾ ਵਧਾਉਣ ਲਈ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਗਿਨੀਪਿਗ ਦੀ ਵਰਤੋਂ ਇਕ ਲੋਸ਼ਨ ਬਣਾਉਣ ਲਈ ਕੀਤੀ ਜਾਂਦੀ ਹੈ। ਉਨ੍ਹਾਂ ਦਸਿਆ ਕਿ ਬਿੱਛੂ ਨੂੰ ਹੌਲੀ ਹੌਲੀ ਮਾਰ ਕੇ ਖੁਰਚ ਕੇ ਤਰਲ ਪਦਾਰਥ ਕਢਿਆ ਜਾਂਦਾ ਹੈ। ਸਲੈਂਡਰ ਜਿਉਂਦੇ ਲਾਰੇਂਸ ਬਾਦਰ ਦਾ ਦਿਲ ਅਤੇ ਅੱਖਾਂ ਕੱਢ ਕੇ ਉਨ੍ਹਾਂ ਨੂੰ ਪੀਸ ਕੇ ਸੁੰਦਰਤਾ ਵਧਾਉ ਸਮੱਗਰੀ ਤਿਆਰ ਕੀਤੀ ਜਾਂਦੀ ਹੈ। ਖਰਗੋਸ਼ ਦੀ ਅੱਖ ਕੱਢ ਕੇ ਸ਼ੈਂਪੂ ਬਣਾਉਣ ਲਈ ਵਰਤੀ ਜਾਂਦੀ ਹੈ ਅਤੇ ਸੱਪ ਦੀ ਖੱਲ ਬੈਗ ਅਤੇ ਬਟੂਆ ਬਣਾਉਣ ਲਈ ਵਰਤੀ ਜਾਂਦੀ ਹੈ। ਡਾ: ਸਿੰਘ ਅਨੁਸਾਰ ਸੁੰਦਰਤਾ ਵਸਤਾਂ ਦੀ ਵਰਤੋਂ ਕਰਨ ਵਾਲੀਆਂ ਔਰਤਾਂ ਜਾਂ ਮਰਦਾਂ ਨੂੰ ਇਨ੍ਹਾਂ 'ਚ ਵਰਤੀਆਂ ਗਈਆਂ ਚੀਜ਼ਾਂ ਦੀ ਜਾਣਕਾਰੀ ਨਹੀਂ ਹੁੰਦੀ ਕਿ ਇਹ ਭੇਡ-ਬਕਰੀਆਂ ਦੀ ਚਰਬੀ (ਟੈਲੋ) ਕੱਢ ਕੇ ਵੱਖ-ਵੱਖ ਕਿਰਿਆਵਾਂ ਤੋਂ ਬਅਦ ਗਲਿਸਰੀਨ ਚਰਬੀ ਵਾਲੇ ਐਸਿਡ ਬਣਾਏ ਜਾਂਦੇ ਹਨ ਜਿਨ੍ਹਾਂ ਦੀ ਕੋਲਡ ਕਰੀਮ 'ਚ ਵਰਤੋਂ ਕੀਤੀ ਜਾਂਦੀ ਹੈ। ਡਾ: ਸਿੰਘ ਨੇ ਦਸਿਆ ਕਿ ਸ਼ੈਂਪੂ, ਟੂਥਪੇਸਟ, ਸਾਬਣ, ਨਹੁੰ ਪਾਲਿਸ਼ ਤੇ ਲਿਪਸਟਿਕ ਬਣਾਉਣ ਲਈ ਵੱਖ-ਵੱਖ ਪ੍ਰਕਾਰ ਦੀਆਂ ਪਰਜਾਤੀਆਂ ਦੀ ਕਿਸੇ ਨਾ ਕਿਸੇ ਰੂਪ 'ਚ ਵਰਤੋਂ ਹੁੰਦੀ ਹੈ। ਉਨ੍ਹਾਂ ਦਸਿਆ ਕਿ ਕੁਦਰਤ ਨੇ ਧਰਤੀ 'ਚ ਵਾਤਾਵਰਨ ਸੰਤੁਲਨ ਬਣਾਈ ਰੱਖਣ ਲਈ ਅਣਗਿਣਤ ਬਨਸਪਤੀਆਂ ਅਤੇ ਪਸ਼ੂ-ਪੰਛੀਆਂ ਨੂੰ ਜਨਮ ਦਿਤਾ, ਜਿਨ੍ਹਾਂ ਦਾ ਅਸੀਂ ਸੁੰਦਰਤਾ ਅਤੇ ਫੈਸ਼ਨ ਵਸਤੂਆਂ 'ਚ ਇਸਤੇਮਾਲ ਕਰਕੇ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ।

ਨਵਾਂ ਜ਼ਮਾਨਾ ੧੦ ਜੁਲਾਈ ੧੯੯੬



Sri Satguru Jagjit Singh Ji eLibrary NamdhariElibrary@gmail.com

# ਦੋ ਪੈਰ ਘੱਟ ਤੁਰਨਾ......

—ਪ੍ਰੀਤਮ ਸਿੰਘ ਪੰਛੀ

ਬਦਲ ਰਹੀਆਂ ਕਦਰਾਂ ਕੀਮਤਾ ਦੇ ਇਸ ਦੌਰ ਵਿਚ ਜੋ ਕੁਝ ਬਜ਼ੁਰਗਾਂ ਨਾਲ ਵਾਪਰ ਰਿਹਾ ਹੈ, ਉਸ ਨੇ ਸਾਡੀਆਂ ਸਾਰੀਆਂ ਪਰੰਪਰਾਗਤ ਧਾਰਨਾਵਾਂ ਨੂੰ ਬੱਦਲ ਕੇ ਰਖ ਦਿਤਾ ਹੈ। ਮਿਸਾਲਾਂ ਤਾਂ ਬਹੁਤ ਹਨ, ਪਰ ਇਕ ਦੋ ਮਿਸਾਲਾਂ ਸਾਡੇ ਸਾਮ੍ਹਣੇ ਬਜ਼ੁਰਗਾਂ ਦੀ ਅੱਜ ਦੀ ਦਸ਼ਾ ਦੀ ਨਿਸ਼ਾਨਦੇਹੀ ਕਰਦੀਆਂ ਹਨ।

ਮੈਂ ਲੰਡਨ ਦੇ ਹੀਥਰੋ ਹਵਾਈ ਅੱਡੇ ਦੇ ਲਾਂਜ ਵਿਚ ਆਪਣੇ ਇਕ ਦੋਸਤ ਨੂੰ ਉਡੀਕ ਰਿਹਾ ਸਾਂ। ਅਸੀਂ ਇਕੱਠਿਆਂ ਦੇਸ ਲਈ ਰਵਾਨਾ ਹੋਣਾ ਸੀ। ਫਲਾਈਟ ਵਿਚ ਭਾਵੇਂ ਕਾਫੀ ਵਕਤ ਸੀ, ਪਰ ਦੋਸਤ ਨਾਲ ਏਅਰ-ਪੋਰਟ ਤੇ ਹੀ ਕੁਝ ਸ਼ਾਪਿੰਗ ਕਰਨੀ ਸੀ। ਅਚਾਨਕ ਮੈਨੂੰ ਇਕ ਬੁੱਢਾ ਜੋੜਾ ਦਿਖਾਈ ਦਿਤਾ। ਬੁੱਢਾ ਬੁੱਢੀ ਬੌਂਦਲੇ ਹੋਏ ਲਗ ਰਹੇ ਸਨ ਅਤੇ ਹਰ ਇਕ ਨੂੰ ਘੇਰ ਕੇ ਪੁੱਛ ਬੈਠਦੇ ਸਨ— ਅਸੀਂ ਕਿਸ ਜਹਾਜ਼ ਤੇ ਜਾਣਾ ਹੈ ? ਅਸੀਂ ਅਮਰੀਕਾ ਤੋਂ ਆਏ ਹਾਂ। ਜਹਾਜ਼ ਵਾਲਿਆਂ ਨੇ ਸਾਨੂੰ ਇਥੇ ਉਤਾਰ ਦਿਤਾ ਹੈ। ਕਿਹਾ—ਹੋਰ ਜਹਾਜ਼ ਜਾਏਗਾ। ਸਾਨੂੰ ਦਸੋ, ਉਹ ਜਹਾਜ਼ ਕਿਥੋਂ ਮਿਲੇਗਾ।

ਮੈਂ ਵੀ ਸੁਣਿਆ ਅਤੇ ਉਹਨਾਂ ਦੇ ਕੋਲ ਚਲਿਆ ਗਿਆ। ਪੁਛਿਆ—ਕੀ ਗੱਲ ਹੈ ਬਜ਼ੁਰਗੋ !—ਉਹਨਾਂ ਦੀ ਜਾਨ ਆਈ। ਬੋਲੇ—"ਅਸੀਂ ਬੁਰੇ ਫਸੇ ਹਾਂ ਭਰਾ ਜੀ ! ਅਸੀਂ ਅਮਰੀਕਾ ਬੜੇ ਚਾਅ ਨਾਲ ਆਪਣੇ ਪੁੱਤਰ ਕੋਲ ਗਏ ਸਾਂ। ਸੁਣਿਆ ਸੀ—ਅਮਰੀਕਾ ਸਵਰਗ ਹੈ, ਅਸੀਂ ਬੜਾ ਫਖ਼ਰ ਮਹਿਸੂਸ ਕੀਤਾ ਕਿ ਸਾਡਾ ਪੁਤਰ ਸਵਰਗਾਂ ਵਿਚ ਰਹਿੰਦਾ ਹੈ। ਅਸੀਂ ਵੀ ਸੋਚਿਆ—ਸੁਰਗਾਂ ਦਾ ਝੂਟਾ ਲੈ ਆਈਏ ਇਸ ਢਲਦੀ ਉਮਰ ਵਿਚ। ਪਰ ਉਥੇ ਛੇ ਮਹੀਨੇ ਜੋ ਭੁਗਤ ਕੇ ਆ ਰਹੇ ਹਾਂ, ਪੁਤਰ ਲਈ ਭਾਵੇਂ ਸਵਰਗ ਹੋਵੇ ਪਰ ਸਾਡੇ ਲਈ ਤਾਂ ਨਰਕ ਸਾਬਤ ਹੋਇਆ। ਸਾਰਾ ਦਿਨ ਬਾਹਰ ਪਾਰਕ ਵਿਚ ਠਰੂੰ ਠਰੂੰ ਕਰਦੇ ਬੈਠੇ ਰਹਿੰਦੇ। ਅੰਦਰ ਬਿਜਲੀ ਦਾ ਚੁਲ੍ਹਾਂ ਬਹੂ ਮੱਲ ਕੇ ਬੈਠੀ ਰਹਿੰਦੀ ਸੀ। ਇਸ ਨਾਲੋਂ ਤਾਂ ਪਿੰਡ ਹੀ ਚੰਗਾ ਸੀ। ਗਰਮੀਆਂ ਨੂੰ ਬੋਹੜਾਂ ਦੀਆਂ ਠੰਢੀਆਂ ਛਾਵਾਂ ਅਤੇ ਸਿਆਲਾਂ ਨੂੰ ਧੂਣੀ ਦੀ ਅੱਗ ਦਾ ਸੇਕ। ਸਾਨੂੰ ਨਾ ਗਰਮੀ ਤੇ ਨਾ ਸਰਦੀ ਪੋਂਹਦੀ ਸੀ। ਬਾਦਸ਼ਾਹੀ ਸੀ ਪੂਰੀ ਉਥੇ। ਜ਼ਮਾਨੇ ਨੂੰ ਕੀ ਅੱਗ ਲਗ ਗਈ ਹੈ ਭਰਾ ਜੀ।"

ਮੈਂ ਬਜ਼ੁਰਗ ਜੋੜੇ ਦੀ ਗੱਲ ਬੜੇ ਗਹੁ ਨਾਲ ਸੁਣ ਰਿਹਾ ਸਾਂ। ਮੈਂ ਬਜ਼ੁਰਗ ਜੋੜੇ ਦੇ ਟਿਕਟ ਦੇਖੇ ਅਤੇ ਇਨਕੁਆਰੀ ਤੋਂ ਜਾ ਕੇ ਉਹਨਾਂ ਦੀ ਫਲਾਈਟ ਦਾ ਪਤਾ ਕੀਤਾ। ਜਹਾਜ਼ ਆਉਣ ਵਿਚ ਅਜੇ ਦੋ ਘੰਟੇ ਬਾਕੀ ਸਨ। ਦੋਸਤ ਦੇ ਆਉਣ ਤੇ ਬਜ਼ੁਰਗ ਜੋੜੇ ਦੀ ਸਪੁਰਦਗੀ ਕਿਸੇ ਹੋਰ ਨੂੰ ਕਰਨੀ ਜ਼ਰੂਰੀ ਸੀ। ਲਾਂਜ ਵਿਚ ਹੀ ਇਕ ਸਰਦਾਰ ਜੀ ਨੂੰ ਖਲੋਤੇ ਦੇਖਿਆ। ਮੈਂ ਉਹਨਾਂ ਵਲ ਵਧਿਆ ਅਤੇ ਬਜ਼ੁਰਗ ਜੋੜੇ ਵਲ ਇਸ਼ਾਰਾ ਕਰਦਿਆਂ ਕਿਹਾ—'ਮੈਂ ਆਪਣੇ ਦੋਸਤ ਨਾਲ ਸ਼ਾਪਿੰਗ ਕਰਨੀ ਹੈ। ਬੜੀ ਮੇਹਰਬਾਨੀ ਹੋਵੇਗੀ, ਜੇ ਏਥੋਂ ਦੀ ਹਰ ਚੀਜ਼ ਤੋਂ ਅਨਜਾਣ ਇਨ੍ਹਾਂ ਬਜ਼ੁਰਗਾਂ ਨੂੰ ਕੁਝ ਚਿਰ ਲਈ ਸੰਭਾਲ ਲਓ।"

ਉਸ ਸਰਦਾਰ ਨੇ ਮੂੰਹ ਜਿਹਾ ਬਣਾ ਕੇ ਕਿਹਾ—"ਮਾਫ ਕਰਨਾ। ਮੇਰੀ ਕਸਟੱਡੀ ਵਿਚ ਪਹਿਲਾਂ ਹੀ ਪੰਜ ਬਜ਼ੁਰਗ ਹਨ। ਪਤਾ ਨਹੀਂ, ਇਹ ਬੁਢੇ ਕਿਉਂ ਆਪਣਾ ਦੇਸ ਛਡਕੇ ਏਥੇ ਖੱਜਲ ਹੋਣ ਲਈ ਆ ਜਾਂਦੇ ਹਨ।" ਉਸ ਦੇ ਗੱਲ ਕਰਨ ਦੇ ਲਹਿਜੇ ਵਿਚ ਹਿਕਾਰਤ ਛਪੀ ਹੋਈ ਸੀ, ਇਸ ਲਈ ਮੈਂ ਹੋਰ ਜ਼ਿਆਦਾ ਕਹਿਣਾ ਠੀਕ ਨਹੀਂ ਸਮਝਿਆ, ਮੈਂ ਬਜ਼ੁਰਗਾਂ ਨੂੰ ਇਕ ਜਗ੍ਹਾ ਬੈਠਾ ਕੇ ਆਪਣੇ ਦੋਸਤ ਨੂੰ ਦੇਖਣ ਲਈ ਗੇਟ ਵਲ ਚਲਿਆ ਆਇਆ।

ਸਾਡੇ ਫੋਟੋਗਰਾਫਰ ਦੋਸਤ ਹਰਭਜਨ ਬਾਜਵਾ ਨੇ ਇਕ 'ਬਜ਼ੁਰਗ ਜੀਵਨ ਸੰਸਥਾ' ਬਣਾ ਰਖੀ ਹੈ। ਉਸਦੇ ਦਸ ਬਾਰਾਂ ਮੈਂਬਰ ਹਨ, ਜਿਹਨਾਂ ਵਿਚ ਰੀਟਾਇਰਡ ਤਹਿਸੀਲਦਾਰ, ਪਟਵਾਰੀ, ਸਰਪੰਚ ਅਤੇ ਮਿਲਟਰੀ ਦੇ ਕੈਪਟਨ ਤੇ ਸੁਤੰਤਰਤਾ ਸੈਨਾਨੀ ਸ਼ਾਮਲ ਹਨ। ਹਰ ਹਫਤੇ ਇਕ ਮਿਥੀ ਹੋਈ ਜਗ੍ਹਾ ਮਿਲਦੇ ਹਨ। ਢੱਕੜ ਤੋਲਦੇ ਹਨ। ਆਪਣੇ ਆਪ ਨੂੰ ਟੀਨ ਏਜਰ ਸਮਝ ਕੇ ਵਿਉਹਾਰ ਕਰਦੇ ਹਨ ਅਤੇ ਇਕ ਦੂਜੇ ਤੋਂ ਵਿਦਾ ਹੁੰਦਿਆਂ ਆਪਣੇ ਆਪ ਵਿਚ ਬੜੀ ਤਾਜ਼ਗੀ ਮਹਿਸੂਸ ਕਰਦੇ ਹਨ। ਇਹੋ ਨਹੀਂ, ਗਰਮੀਆਂ ਨੂੰ ਇਕ ਟੀਮ ਬਣਾ ਕੇ ਪਹਾੜਾਂ ਤੇ ਜਾ ਚੜ੍ਹਦੇ ਹਨ ਅਤੇ ਤਰੋ-ਤਾਜ਼ਾ ਹੋ ਕੇ ਆਉਂਦੇ ਹਨ।

ਇਸ ਸੰਸਥਾ ਦੇ ਇਕ ਮੈਂਬਰ ਨੂੰ ਉਸ ਦੇ ਬੱਚੇ ਮਜਬੂਰ ਕਰ ਰਹੇ ਸਨ ਕਿ ਉਹ ਆਪਣੀ ਪਤਨੀ ਨਾਲ ਅਮਰੀਕਾ ਚਲਿਆ ਜਾਏ ਜਿਥੇ ਉਸ ਦੇ ਭੈਣ ਭਰਾ ਆਬਾਦ



Sri Satguru Jagjit Singh Ji eLibrary NamdhariElibrary@gmail.com

ਹਨ ਤਾਂ ਕਿ ਉਹਨਾਂ ਦੇ ਅਮਰੀਕਾ ਜਾਣ ਦਾ ਰਸਤਾ ਖੁਲ੍ਹ ਜਾਏ। ਪਰ ਉਹ ਜਾਣਾ ਨਹੀਂ ਸੀ ਚਾਹੁੰਦਾ। ਪੜ੍ਹਿਆ ਲਿਖਿਆ ਹੋਣ ਕਰਕੇ ਉਸਨੂੰ ਉਥੋਂ ਦੇ ਬਜ਼ੁਰਗਾਂ ਦੀ ਦਸ਼ਾ ਦਾ ਗਿਆਨ ਸੀ। ਨਾਲ ਹੀ ਉਹ ਆਪਣੇ ਸਾਥੀਆਂ ਦਾ ਸੰਗ ਕਿਸੇ ਹਾਲਤ ਵਿਚ ਵੀ ਛਡਣਾ ਨਹੀਂ ਸੀ ਚਾਹੁੰਦਾ, ਜਿਸ ਸੰਗ ਨੇ ਉਸ ਦੀ ਅਤੇ ਉਸ ਦੇ ਸਾਥੀਆਂ ਦੀ ਉਮਰ ਵਿਚ ਵਾਧਾ ਕਰ ਦਿਤਾ ਸੀ।

ਆਖਰ ਉਸ ਨੂੰ ਪੁੱਤਰਾਂ ਨੇ ਅਮਰੀਕਾ ਜਾਣ ਲਈ ਮਜਬੂਰ ਕਰ ਦਿਤਾ। ਜਿਸ ਦਿਨ 'ਬਜ਼ੁਰਗ ਜੀਵਨ ਸੰਸਥਾ' ਦੇ ਮੈਂਬਰ ਨੇ ਆਪਣੀ ਪਤਨੀ ਨਾਲ ਅਮਰੀਕਾ ਲਈ ਰਵਾਨਾ ਹੋਣਾ ਸੀ, ਉਹ ਆਪਣੇ ਸਾਥੀਆਂ ਦੇ ਗਲੇ ਲਗ ਕੇ ਧਾਹੀਂ ਮਾਰ ਕੇ ਰੋ ਰਿਰਾ ਸੀ। ਉਸ ਨੂੰ ਭਾਸ ਗਿਆ ਸੀ ਕਿ ਉਹ ਅਮਰੀਕਾ ਆਪਣੀ ਉਮਰ ਘਟਾਉਣ ਜਾ ਰਿਹਾ ਹੈ। 'ਬਜ਼ੁਰਗ ਜੀਵਨ ਸੰਸਥਾ' ਦਾ ਨਾਹਰਾ ਹੈ—'ਦੋ ਪੈਰ ਘਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ।'

ਇਹ ਦੋ ਮਿਸਾਲਾਂ ਸਾਨੂੰ ਪੂਰੀ ਤਰ੍ਹਾਂ ਗਿਆਨ ਕਰਾ ਦਿੰਦੀਆਂ ਹਨ ਕਿ ਵਕਤ ਕਿੰਨੀ ਤੇਜ਼ੀ ਨਾਲ ਨਿਕਲ ਰਿਹਾ ਹੈ। ਪਿੰਡਾਂ ਦੀਆਂ ਸੱਥਾਂ ਬੇਅਬਾਦ ਹੋ ਰਹੀਆਂ ਹਨ। ਬੋਹੜਾਂ ਦੀਆਂ ਠੰਢੀਆਂ ਛਾਵਾਂ ਬੇ ਮੌਸਮਾ ਸੇਕ ਬਨਣ ਲੱਗੀਆਂ ਹਨ। ਪੱਛਮੀ ਅਕਲ ਨੇ ਸਾਨੂੰ ਬੇਅਕਲ ਬਣਾ ਦਿਤਾ ਹੈ। ਸਾਡੇ ਵਿਰਸੇ, ਸਾਡੀਆਂ ਰਵਾਇਤਾਂ ਨੂੰ ਮਿੱਟੀ ਘੱਟੇ ਰੋਲ ਦਿਤਾ ਹੈ।

11-B, Pocket-B,
Mayur Vihar,
Phase II, Delhi – 92




ਹਿੰਦੀ ਕਵਿਤਾ

# ਗਲੀ ਦਾ ਆਦਮੀ

—ਪ੍ਰੋ: ਰੂਪ ਦੇਵਗੁਣ

ਆਪਣੇ ਆਪ ਵਿਚ ਬਹੁਤ ਸਾਹਸੀ ਹੈ
ਗਰਮੀ ਦੀ ਦੁਪਹਿਰ
ਉਸ ਦਾ ਸਾਥ ਦੇਣ ਵਾਲੇ ਲੋਕ
ਸੋਨੇ ਤੋਂ ਕੁੰਦਨ ਬਣ ਜਾਂਦੇ ਹਨ।

ਉਨ੍ਹਾਂ ਨੂੰ ਪਤਾ ਹੈ,
ਕਿ ਗਲੀ ਦੀ ਨਾਲੀ 'ਚ ਡਿਗਿਆ ਸਿੱਕਾ
ਕਿੰਨਾ ਕੀਮਤੀ ਹੁੰਦਾ ਹੈ
ਅਤੇ ਮਕਾਨਾਂ ਦੀਆਂ ਕੰਧਾਂ 'ਚ
ਕਿੰਨੀ ਤਪਸ਼ ਹੁੰਦੀ ਹੈ।

ਉਹ ਜਾਣਦੇ ਹਨ ਅਜਿਹੇ ਸਮੇਂ
ਛਾਂ ਵੀ ਛੂਈ ਮੂਈ ਹੋ ਜਾਂਦੀ ਹੈ
ਜੋ ਲੱਭਣ ਤੇ ਵੀ ਨਹੀਂ ਲੱਭਦੀ।

ਉਹ ਇਹ ਵੀ ਜਾਣਦੇ ਹਨ
ਕਿ ਗਰਮੀ ਦੇ ਝੁਲਸੇ ਆਦਮੀ
ਅਤੇ ਅੰਦਰ ਬੰਦ ਕਮਰੇ 'ਚ
ਕੂਲਰ ਦੀ ਠੰਡੀ ਹਵਾ 'ਚ ਸੁੱਤੇ ਆਦਮੀ ਵਿਚ
ਕਿੰਨਾ ਫ਼ਰਕ ਹੁੰਦਾ ਹੈ।

ਪਰ ਇਹ ਵੀ ਸੱਚ ਹੈ
ਕਿ ਕਮਰੇ ਦਾ ਉਹ ਆਦਮੀ
ਦੁਪਹਿਰ ਨੂੰ ਬਾਹਰ ਆਉਣ ਦਾ
ਸਾਹਸ ਨਹੀਂ ਕਰ ਸਕਦਾ।

ਅਤੇ ਗਲੀ ਦਾ ਆਦਮੀ
ਕਮਰੇ ਅੰਦਰ ਨਾ ਹੁੰਦੇ ਹੋਏ ਭੀ
ਜ਼ਿੰਦਗੀ ਦੀ ਹਕੀਕੀ ਠੰਢ
ਲਈ ਸੰਘਰਸ਼ਸ਼ੀਲ ਹੈ!

[ਅਨੁਵਾਦ : ਤੇਜਵੰਤ ਮਾਨ (ਡਾ.)



Sri Satguru Jagjit Singh Ji eLibrary NamdhariElibrary@gmail.com

# ਕਵਿਤਾ ਨਾਲ ਲੜਾਈ

—ਲਖਵਿੰਦਰ ਜੌਹਲ (ਡਾ.)

ਇਨ੍ਹਾਂ ਦਿਨਾਂ ਵਿਚ ਕਵਿਤਾ ਨਾਲ ਮੇਰੀ ਲੜਾਈ ਪੂਰੀ ਤਰ੍ਹਾਂ ਭਖੀ ਹੋਈ ਹੈ। ਮੈਂ ਵੀ ਉਨ੍ਹਾਂ ਹੋਰ ਬਹੁਤ ਸਾਰੇ 'ਯੋਧਿਆਂ' ਵਾਂਗ ਹੀ ਕਵਿਤਾ ਨਾਲ ਆਹਮਣੇ-ਸਾਹਮਣੇ ਡਟਿਆ ਹੋਇਆ ਹਾਂ, ਜਿਹੜੇ ਆਪਣੀਆਂ ਸਭ ਸ਼ਕਤੀਆਂ ਸਮੇਤ ਇਸ ਮੈਦਾਨ ਵਿਚ ਉਤਰੇ ਹੋਏ ਹਨ। ਕਵਿਤਾ ਨਾ ਤਾਂ ਮੈਨੂੰ ਦਿਨੇ ਚੈਨ ਨਾਲ ਤੁਰਨ-ਫਿਰਨ ਦੇਂਦੀ ਹੈ ਅਤੇ ਨਾ ਹੀ ਰਾਤਾਂ ਨੂੰ ਸੌਣ ਦਿੰਦੀ ਹੈ। ਦਫ਼ਤਰ ਵਿਚ ਇਹ ਕਿਸੇ ਪ੍ਰੇਤ-ਆਤਮਾ ਵਾਂਗ ਮੇਰਾ ਪਿੱਛਾ ਕਰਦੀ ਹੈ ਅਤੇ ਘਰ ਵਿਚ ਆਰਥਕ ਥੁੜਾਂ ਵਾਂਗ ਮੇਰਾ ਮੂੰਹ ਚਿੜਾਉਂਦੀ ਹੈ।

ਇਹ ਏਨੀ ਬੁਰੀ ਤਰ੍ਹਾਂ ਮੇਰੇ ਪਿੱਛੇ ਪੈ ਜਾਵੇਗੀ, ਇਹ ਤਾਂ ਮੈਂ ਕਦੇ ਸੋਚਿਆ ਵੀ ਨਹੀਂ ਸੀ। ਜਦੋਂ ਮੈਂ ਇਸ ਨਾਲ ਨਵੀਂ ਨਵੀਂ ਦੋਸਤੀ ਪਾਈ ਸੀ ਤਾਂ ਮੈਂ ਕਿੰਨਾ ਖੁਸ਼ ਸਾਂ। ਇਸ ਨਾਲ ਪਹਿਲੀ ਮੁਲਾਕਾਤ ਵੇਲੇ ਮੇਰੇ ਪੈਰ ਧਰਤੀ ਉਤੇ ਟਿਕਦੇ ਨਹੀਂ ਸਨ। ਮੈਨੂੰ ਜਿਵੇਂ ਖੰਭ ਲਗ ਗਏ ਸਨ। ਇਸ ਦੋਸਤੀ ਦਾ ਸਮੂਰਤਨ ਇਕ ਨਿੱਕੀ ਜੇਹੀ ਚੌਪਾਲ ਸੀ—ਕਾਲਜ ਦਾ ਮੈਗਜ਼ੀਨ। ਫੇਰ ਚੌਰਾਹਿਆਂ ਉਤੇ, ਕਵੀ ਦਰਬਾਰਾਂ ਦੇ ਮੰਚਾਂ ਉਤੇ, ਅਖ਼ਬਾਰਾਂ ਦੇ ਪੰਨਿਆਂ ਉਤੇ, ਰਸਾਲਿਆਂ ਦੇ ਸਰਵਰਕਾਂ ਉਤੇ...ਅਤੇ ਪਤਾ ਨਹੀਂ ਕਿਥੇ ਕਿਥੇ...ਕਵਿਤਾ ਨਾਲ ਮੇਰੀਆਂ ਬੇਸ਼ੁਮਾਰ ਮੁਲਾਕਾਤਾਂ ਹੋਈਆਂ। ਹਰ ਮੁਲਾਕਾਤ ਇਕ ਵੱਖਰਾ ਸਕੂਨ ਦੇਂਦੀ। ਕਮਾਲ ਦਾ ਉਮਾਹ ਅਤੇ ਉਤਸਾਹ। ਮੈਂ ਉਡਿਆ ਫਿਰਦਾ। ਦੁਨੀਆਦਾਰੀ ਦੀਆਂ ਨਿਕੀਆਂ ਮੋਟੀਆਂ ਸਰਗਰਮੀਆਂ ਤੋਂ ਲੈ ਕੇ ਸਿਰਜਣਾ ਦੀਆਂ ਬੁਲੰਦੀਆਂ ਤਕ ਕਵਿਤਾ ਹਮੇਸ਼ਾ ਮੇਰੇ ਅੰਗ-ਸੰਗ ਰਹੀ। ਆਪਣੇ ਆਪ ਨਾਲ ਲੜਾਈ ਵਿਚ, ਜਿੰਨੀ ਮਦਦ ਮੇਰੀ ਕਵਿਤਾ ਨੇ ਕੀਤੀ ਹੈ ਓਨੀ ਸ਼ਾਇਦ ਮੈਂ ਖੁਦ ਵੀ ਨਾ ਕਰ ਸਕਿਆ ਹੋਵਾਂ। ਗ਼ਮਗੀਨ, ਉਦਾਸ ਅਤੇ ਉਦਾਸੀਨ ਪਲਾਂ ਵਿਚੋਂ ਸਾਲਮ-ਸਬੂਤੇ ਬਚ ਨਿਕਲਣ ਦਾ ਸਾਰਾ ਸਿਹਰਾ ਕਵਿਤਾ ਦੇ ਸਿਰ ਹੀ ਤਾਂ ਬੱਝਦਾ ਹੈ।

ਪਿਛਲੇ ਦਹਾਕੇ ਦੀ ਸਾਰੀ ਕੁੜੱਤਣ ਨੂੰ ਪੀਣ ਵਿਚ ਕਵਿਤਾ ਜਿਸ ਸ਼ਿੱਦਤ ਅਤੇ ਸਹਿਜਤਾ ਨਾਲ ਸਾਡੇ ਸੰਗ-ਸਾਥ ਰਹੀ ਹੈ ਉਸ ਉਪਰ ਤਾਂ ਰਸ਼ਕ ਆਉਂਦਾ ਹੈ। ਭਾਵੇਂ ਇਹ ਕਿਸੇ ਦੇ ਵੀ ਸੰਗ-ਸਾਥ ਨਾਲ, ਕਿਸੇ ਵੀ ਰੂਪ ਵਿਚ, ਕਿਸੇ ਵੀ ਵੇਲੇ ਪ੍ਰਗਟ ਹੋਈ ਹੋਵੇ, ਪਰ ਇਹ ਬਿਲਕੁਲ ਸੱਚ ਹੈ ਹੈ ਕਿ ਇਸ ਨੇ ਔਖੀਆਂ ਘੜੀਆਂ ਵਿਚ ਹਮੇਸ਼ਾ ਪੂਰੇ ਉਤਰਨ ਦਾ ਫ਼ਰਜ਼ ਨਿਭਾਇਆ ਹੈ। ਕਦੇ ਕਦੇ ਲਗਦਾ ਹੈ ਕਿ ਕਵਿਤਾ ਦੀ ਫਿਤਰਤ ਕੁਝ ਅਜੀਬ ਜੇਹੀ ਹੈ। ਔਖੀਆਂ ਘੜੀਆਂ ਵਿਚ ਇਹ ਜਿੰਨੀ ਸੌਖੀ ਤਰ੍ਹਾਂ, ਅਤੇ ਜਿੰਨੇ ਉਤਸ਼ਾਹ ਨਾਲ ਸਾਡਾ ਸਾਥ ਨਿਭਾਉਂਦੀ ਹੈ, ਸੌਖੀਆਂ ਘੜੀਆਂ ਵਿਚ ਇਹ ਓਨਾ ਹੀ ਪ੍ਰੇਸ਼ਾਨ ਕਰਦੀ ਹੈ। ਦੂਰ-ਦੂਰ ਭੱਜਦੀ ਹੈ। ਮੂੰਹ ਚਿੜਾਉਂਦੀ ਹੈ।

ਜਦੋਂ ਸੱਤਰਵਿਆਂ ਦੇ ਅੱਧ ਵਿਚ ਸਾਡੇ ਮਿੱਤਰ ਪਾਸ਼ ਨੇ ਅਜੇਹੀ ਗੱਲ ਕਹੀ ਤਾਂ ਬੜਾ ਅਜੀਬ ਲਗਿਆ ਸੀ। ਉਸ ਨੇ ਕਿਹਾ ਸੀ—"ਹੁਣ ਮੈਂ ਲਿਖ ਨਹੀਂ ਸਕਾਂਗਾ, ਕਿਉਂਕਿ ਲਿਖਣ ਲਈ ਮੇਰੇ ਕੋਲ ਵਿਸ਼ੇ ਨਹੀਂ ਹਨ। ਉਹ ਜੇਲ੍ਹ ਵਿਚ ਸੀ ਤਾਂ ਉਸ ਨੂੰ ਲਗਦਾ ਸੀ ਕਿ ਉਹ ਆਪਣੇ ਪਿੰਡ ਬਾਰੇ, ਉਥੋਂ ਦੀ ਮਿੱਟੀ ਬਾਰੇ, ਉਥੋਂ ਦੇ ਲੋਕਾਂ ਬਾਰੇ, ਦੇਰ ਭਰ ਤੋਂ ਨਾ ਮਿਲ ਸਕੇ ਦੋਸਤਾਂ ਬਾਰੇ, ਵਰ੍ਹਿਆਂ ਤੋਂ ਨਾ ਤੱਕੀ ਖੁਲ੍ਹੀ ਧੁੱਪ ਬਾਰੇ, ਫੁੱਲਾਂ ਨਾਲ ਅਠਖੇਲੀਆਂ ਕਰਦੀ ਹਵਾ ਬਾਰੇ—ਅਤੇ ਹੋਰ ਪਤਾ ਨਹੀਂ ਕੀ ਕੁਝ ਬਾਰੇ—ਪਤਾ ਨਹੀਂ ਕੀ ਕੁਝ ਲਿਖ ਸਕਦਾ ਸੀ, ਪਰ ਹੁਣ ਜਦੋਂ ਇਹ ਸਭ ਕੁਝ ਉਸ ਨੂੰ ਸਤਾਉਂਦਾ ਨਹੀਂ ਹੈ, ਤੜਫਾਉਂਦਾ ਨਹੀਂ ਹੈ, ਕੁਰੇਦਦਾ ਨਹੀਂ ਹੈ—ਸੌਖੀ ਤਰ੍ਹਾਂ ਹੀ ਉਸ ਦੀ ਪਹੁੰਚ ਵਿਚ ਹੈ—ਤਾਂ ਉਹ ਕੀ ਲਿਖੇ ? ਅਤੇ ਕਿਉਂ ਲਿਖੇ ?

ਪਰ ਉਸਦੀ ਇਹ ਸਥਿਤੀ ਕੁਝ ਦਿਨਾਂ ਦੀ ਹੀ ਕਾਂਗ ਸੀ...ਕੁਝ ਮਹੀਨਿਆਂ ਵਿਚ ਹੀ...ਕੁਝ ਕੁ ਮੁਲਾਕਾਤਾਂ ਤੋਂ ਬਾਅਦ ਹੀ ਜਿਵੇਂ ਇਹ ਸਥਿਤੀ ਉਲਟ ਗਈ ਸੀ—ਇਕ ਦਿਨ ਜਿਵੇਂ ਉਸ ਦੇ ਅੰਦਰੋਂ ਕੁਝ ਫਟ ਪਿਆ ਹੋਵੇ। ਉਹ ਜੰਡਿਆਲੇ ਦੇ ਪ੍ਰਾਇਮਰੀ ਸਕੂਲ ਵਿਚ ਬੱਚਿਆਂ ਨੂੰ ਪੜ੍ਹਾਉਂਦਾ, ਉਨ੍ਹਾਂ ਦੇ ਸਾਹਮਣੇ ਬੈਠਾ ਹੀ ਉੱਚੀ ਉੱਚੀ ਬੋਲ ਉਠਿਆ—'...ਹੁਣ ਮੈਂ ਲਿਖਾਂਗਾ'। ਇਹ 'ਹੁਣ ਮੈਂ ਲਿਖਾਂਗਾ' ਦਾ ਤਿੰਨ-ਸ਼ਬਦੀ ਫ਼ਿਕਰਾ ਉਸਦੇ ਮੂੰਹੋਂ ਨਿਕਲਿਆ ਤਾਂ ਉਸਦੀਆਂ ਅੱਖਾਂ ਦਾ ਤੇਜ ਭਖਦੇ ਅੰਗਿਆਰਾਂ ਵਰਗਾ ਸੀ। ਇਹ ਅੰਗਿਆਰ ਅਗਲੇ ਕਈ ਸਾਲਾਂ ਤਕ ਏਨੀ ਸ਼ਿੱਦਤ ਨਾਲ ਭਖੇ ਕਿ ਪਾਸ਼......?

'ਹੁਣ ਮੈਂ ਲਿਖਾਂਗਾ' ਦਾ ਤਿੰਨ-ਸ਼ਬਦੀ ਫ਼ਿਕਰਾ ਮਹਿਜ਼ ਇਕ ਇਤਫ਼ਾਕ ਹੋ ਸਕਦਾ ਹੈ, ਪਰ ਇਹ ਉਹ ਆਦਿ-ਬਿੰਦੂ ਸੀ, ਜਿਸ ਨੇ ਅਗਲੇ ਦੋ ਸਾਲਾਂ ਵਿਚ--'ਸਾਡੇ ਸਮਿਆਂ



Sri Satguru Jagjit Singh Ji eLibrary NamdhariElibrary@gmail.com

ਵਿਚ'—ਵਰਗੀ ਨਿਵੇਕਲੀ ਕਾਵਿ-ਪੁਸਤਕ ਦਾ ਸਮੂਰਤਨ ਕੀਤਾ। 'ਸਾਡੇ ਸਮਿਆਂ ਵਿਚ' ਦੀ ਕਾਵਿ-ਸ਼ੈਲੀ ਵਿਚ 'ਲੋਹ-ਕਥਾ' ਅਤੇ 'ਉੱਡਦੇ ਬਾਜ਼ਾਂ ਮਗਰ' ਗ਼ੈਰ-ਹਾਜ਼ਰ ਸਨ—ਇਹ ਗ਼ੈਰ-ਹਾਜ਼ਰੀ ਹੀ ਪਾਸ਼ ਦੀ ਨਵੀਂ ਹਾਜ਼ਰੀ ਸੀ। 'ਸਾਡੇ ਸਮਿਆਂ ਵਿਚ' ਦਾ ਇਹ ਸ਼ਾਇਰ ਹੁਣ ਭਾਵੇਂ 'ਸਾਡੇ ਸਮਿਆਂ ਵਿਚ' ਨਹੀਂ ਹੈ, ਪਰ ਉਹ ਹਮੇਸ਼ਾ 'ਸਾਡੇ ਸਮਿਆਂ ਵਿਚ' ਹੈ। ਇਹੀ ਤਾਂ ਕਵਿਤਾ ਨਾਲ ਦੋਸਤੀ ਦਾ ਕਮਾਲ ਹੈ। ਇਹ ਇਕ ਅਜੇਹੀ ਦੋਸਤੀ ਹੈ ਜਿਹੜੀ ਪਹਿਲਾਂ ਤਾਂ ਛੇਤੀ ਕੀਤੇ ਕਿਸੇ ਨੂੰ ਰਾਸ ਨਹੀਂ ਆਉਂਦੀ, ਪਰ ਜੇਕਰ ਇਕ ਵਾਰੀ ਨਿਭ ਜਾਵੇ ਤਾਂ ਸਦੀਵੀ ਹੋ ਜਾਂਦੀ ਹੈ......।

ਹੁਣ ਅਸੀਂ ਬਹੁਤ ਸਾਰੇ ਹਾਂ ਜੋ ਆਨੇ-ਬਹਾਨੇ, ਗਾਹੇ-ਬਗਾਹੇ, ਰਾਹ-ਖਹਿੜੇ, ਕਵਿਤਾ ਨੂੰ ਭਰਮਾਉਣ ਅਤੇ ਇਸ ਨਾਲ ਦੋਸਤੀ ਪਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਾਂ। ਜਿਨ੍ਹਾਂ ਨੂੰ ਕਦੇ ਕੋਈ 'ਕਾਫ਼ਰ ਕਵੀ' ਆਖ ਕੇ ਸਨਮਾਨਦਾ ਹੈ, ਕਦੇ ਕੋਈ ਨਿਵੇਕਲੇ ਹਸਤਾਖਰ ਕਹਿਕੇ ਵਡਿਆਉਂਦਾ ਹੈ, ਕਦੇ ਅਸੀਂ ਆਪਣੀਆਂ ਕਿਤਾਬਾਂ ਦੇ ਲੰਬੇ ਲੰਬੇ ਰੀਵੀਊ ਅਤੇ ਮੁਲਾਕਾਤਾਂ ਛਪਵਾ ਕੇ ਖੁਸ਼ ਹੋ ਰਹੇ ਹਾਂ, ਕਦੇ ਕਵੀ ਦਰਬਾਰਾਂ ਵਿਚ ਸਜ-ਧਜਕੇ ਸ਼ਾਮਲ ਹੋ ਕੇ ਨਾਮਣਾ ਖੱਟਦੇ ਹਾਂ, ਕਦੇ ਏਧਰ-ਓਧਰ ਦੇ ਹੋਰ ਮਾਨ-ਸਨਮਾਨ ਪ੍ਰਾਪਤ ਕਰਕੇ ਖੁਸ਼ੀਆਂ ਪਾਉਂਦੇ ਰਹਿੰਦੇ ਹਾਂ, ਅਤੇ ਕਦੇ.........।

ਪਰ ਕਵਿਤਾ ਨਾਲ ਦੋਸਤੀ ਦਾ ਸੰਗ-ਸਾਥ ਉਸ ਸ਼ਿੱਦਤ ਨਾਲ ਮਾਨ ਸਕਣ ਤੋਂ ਅਸਮਰਥ ਹਾਂ, ਜਿਸ ਸ਼ਿੱਦਤ ਦੀ ਆਸ ਲੈ ਕੇ ਸਦੀਆਂ ਦੀ ਸਰਗਮ ਨਾਲ ਮੇਲ੍ਹਦੀ ਕਵਿਤਾ ਸਾਡੇ ਤਕ ਪਹੁੰਚੀ ਹੈ। ਅਜੇਹੀ ਸਥਿਤੀ ਵਿਚ ਕਦੇ ਕਦੇ ਵੀਹ ਕੁ ਸਾਲ ਪਹਿਲਾਂ ਵਾਲਾ ਭੂਸ਼ਨ ਯਾਦ ਆਉਂਦਾ ਹੈ, ਜਿਸ ਨੇ ਕਿਹਾ ਸੀ—'ਕਵਿਤਾ ਦਾ ਜੁਗ ਬੀਤ ਗਿਆ ਹੈ'। ਉਸਦਾ ਯਕੀਨ ਕਰਨ ਨੂੰ ਨਾ ਉਦੋਂ ਜੀ ਕਰਦਾ ਸੀ ਅਤੇ ਨਾ ਹੁਣ ਜੀਅ ਕਰਦਾ ਹੈ—ਫੇਰ ਵੀ ਇਹ ਖਿਆਲ ਜ਼ਰੂਰ ਆਉਂਦਾ ਹੈ ਕਿ ਕਿਤੇ ਹੁਣ ਸੱਚੀਂ-ਮੁੱਚੀਂ ਕਵਿਤਾ ਦਾ ਜੁਗ ਬੀਤ ਹੀ ਤਾਂ ਨਹੀਂ ਗਿਆ ?...ਪਰ ਨਹੀਂ, ਇਹ ਕਦੇ ਨਹੀਂ ਹੋ ਸਕਦਾ। ਫੇਰ ਅਜਿਹੀ ਸਥਿਤੀ ਕਿਉਂ ਹੈ ? ਪਰ ਇਸ ਵਿਚ ਕਵਿਤਾ ਵਿਚਾਰੀ ਦਾ ਤਾਂ ਕੋਈ ਦੋਸ਼ ਨਹੀਂ ਹੈ। ਕਵਿਤਾ ਤਾਂ ਹਮੇਸ਼ਾ ਵਾਂਗ ਹਾਜ਼ਰ ਹੈ। ਪ੍ਰਣਾਏ ਜਾਣ ਲਈ ਤਤਪਰ। ਉਸ ਦਿਨ ਦੀ ਉਡੀਕ ਵਿਚ ਜਦੋਂ ਕੋਈ ਅਨੁਕੂਲ ਕਾਵਿ-ਜੁਗਤਾਂ ਦਾ ਲਿਬਾਸ ਪਹਿਨਕੇ ਦਰਬਾਰ-ਏ-ਸਾਹਿਤ ਵਿਚ ਅਛੋਪਲੇ ਜਿਹੇ ਪ੍ਰਵੇਸ਼ ਕਰੇਗਾ ਅਤੇ ਕਾਵਿ-ਕੜਾਹੇ ਦੇ ਤੇਲ ਵਿਚ ਪੈ ਰਹੇ ਕਵਿਤਾ ਦੇ ਅਕਸ ਦੀ ਅੱਖ ਵਿਚ ਤੀਰ ਮਾਰਕੇ ਸੱਚੀ ਕਵਿਤਾ ਨੂੰ ਵਰ ਲਵੇਗਾ। ਪਰ ਅਜੇਹਾ ਕੋਈ ਯੋਧਾ ਹਾਲਾਂ 'ਤਿਆਰ' ਨਹੀਂ ਹੈ। ਅਸੀਂ ਸਾਰੇ ਸੁਅੰਬਰ ਦੇ ਦਿਨ ਦੀ ਉਡੀਕ ਵਿਚ ਹਾਂ......ਪਰ ਚਮਤਕਾਰਾਂ ਦਾ ਜ਼ਮਾਨਾ ਚਰੋਕਣਾ ਬੀਤ ਚੁਕਾ ਹੈ। ਅੱਜ ਦਾ 'ਅਰਜੁਨ' ਤਾਂ ਆਮ ਆਦਮੀ ਦੇ ਲਿਬਾਸ ਵਿਚ ਹੀ ਕਿਤੇ ਛੁਪਿਆ ਹੋਇਆ ਹੈ। ਸ਼ਾਇਦ ਉਸਦੀ ਪਛਾਣ ਕਰਨੀ ਮੁਸ਼ਕਲ ਹੋ ਰਹੀ ਹੋਵੇਗੀ......ਪਰ ਇਹ ਸਭ ਕੁਝ ਏਨਾ ਸਰਲ ਨਹੀਂ ਹੈ। ਕਿਤੇ ਨਾ ਕਿਤੇ ਕੋਈ ਕਾਣ ਪ੍ਰਤੀਤ ਹੋ ਰਹੀ ਹੈ। ਸਾਡੇ ਅੰਦਰ, ਸਾਡੇ ਮਨਾਂ ਵਿਚ ਇਕ ਜੰਗਲ ਹੈ ਜੋ ਬੜੀ ਬੇਸ਼ਰਮੀ ਨਾਲ ਫੈਲਦਾ ਜਾ ਰਿਹਾ ਹੈ। ਆਪਣੇ ਅੰਦਰ ਫੈਲ ਰਹੇ ਸੁੰਨਸਾਨ ਜੰਗਲੀ ਹਨੇਰੇ ਨਾਲ ਲੜਾਈ ਹੀ ਅਸਲ ਵਿਚ ਕਵਿਤਾ ਨਾਲ ਲੜਾਈ ਹੈ। ਜੀ ਕਰਦਾ ਹੈ ਇਸ ਨੂੰ ਹੋਰ ਭਖਣ ਦੇਈਏ ਅਤੇ ਜੋ ਕੁਝ ਗੁੰਮ ਗੁਆਚ ਗਿਆ ਹੈ ਉਸ ਦਾ ਮਾਤਮ ਮਨਾਉਣ ਦੀ ਬਜਾਏ ਉਸਨੂੰ ਸਲਾਮ ਕਰੀਏ—ਸ਼ਾਇਦ ਇਸੇ ਵਿਚ ਮੁਕਤੀ ਹੈ, ਮੋਖਸ਼ ਹੈ—ਕਿਉਂਕਿ ਲੜਾਈ ਹੀ ਤਾਂ ਦੋਸਤੀ ਦਾ ਆਦਿ-ਬਿੰਦੂ ਹੈ।

ਮੈਂ ਕਵਿਤਾ 'ਤੇ ਕਾਠੀ ਪਾ ਕੇ
ਦੇਸ਼-ਦੇਸ਼ਾਂਤਰ ਘੁੰਮਣਾ ਚਾਹਾਂ
ਮੈਂ ਸ਼ਬਦਾਂ ਦੀ ਘੋੜੀ ਚੜ੍ਹਕੇ
ਅਰਥਾਂ ਦੀ ਦੁਲਹਨ ਨੂੰ ਵਰ ਲਾਂ
ਸੋਨੇ ਜਿਹਾ ਲੁਭਾਉਣਾ ਸੁਪਨਾ
ਅਜ਼ਲਾਂ ਤੋਂ ਕਿਆਮਤ ਤੀਕਰ
ਮੇਰਾ ਸਰਮਾਇਆ ਨਾ ਬਣਿਆ
ਮੈਂ ਕਵਿਤਾ ਦੀ ਕੰਨੀ ਫੜਕੇ
ਆਪਣੇ ਮਨ ਦੀ ਡੂੰਘਣ ਅੰਦਰ
ਇਕ ਵਾਰੀ ਤਾਰੀ ਲਾ ਆਵਾਂ
ਧੀਮਾ ਧੀਮਾ ਦੀਪਕ ਜਾਗੇ
ਜਾਗੇ ਜੀਕਣ ਜੁਗਨੂੰ ਕੋਈ......
ਨੇਰ੍ਹ-ਨਦੀ ਵਿਚ ਤਾਰੀ ਲਾ ਕੇ
ਆਪਣੇ ਤਨ - ਮਨ ਤੀਰਥ ਨ੍ਹਾ ਕੇ
ਮੋਹ-ਮਾਇਆ ਤੋਂ ਮੁਕਤੀ ਪਾ ਕੇ
ਆਪਣੇ ਆਪ 'ਚ ਰਚ-ਮਿਚ ਜਾਵੇ......
ਕਵਿਤਾ ਮੇਰੀ ਮੈਂ ਕਵਿਤਾ ਦਾ
ਇਸ ਤੋਂ ਵੱਡੀ ਮੰਗ ਨਾ ਕੋਈ।

੨੦/੭੫, ਗਾਰਡਨ ਕਲੋਨੀ,
(ਮਾਡਲ ਟਾਊਨ) ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਸਿਆਮ ਅਰਥਾਤ ਕੁਬੇਰ ਰਾਜ ਦੀ ਯਾਤਰਾ (੪)

—ਅਮਰ ਭਾਰਤੀ

ਬੈਂਕੌਕ ਸ਼ਹਿਰ ਦੀ ਆਬਾਦੀ ਤਾਂ ੩੦-੩੫ ਲੱਖ ਹੀ ਹੈ, ਪਰ ਆਪਣੇ ਵਿਰਾਟ ਅਕਾਰ, ਅਤਿ ਉੱਚੀਆਂ ਇਮਾਰਤਾਂ ਅਤਿ ਖੁਲ੍ਹੀਆਂ ਚੌੜੀਆਂ ਸੜਕਾਂ ਵਿਸ਼ਾਲ ਭਰਪੂਰ ਦੁਕਾਨਾਂ ਅਤੇ ਮੋਟਰਕਾਰਾਂ ਦੇ ਲੰਮੇ ਚੌੜੇ ਕਾਫ਼ਲਿਆਂ ਕਾਰਨ ਇਕ ਅਤਿ ਆਧੁਨਿਕ ਮਹਾਂ ਨਗਰ ਹੀ ਲੱਗ ਰਿਹਾ ਸੀ। ਇਸ ਤੇ ਵਾਧਾ ਇਹ ਕਿ ਭਾਰਤ ਦਾ ਕੋਈ ਰਾਜ ਪਰਮੁਖ ਪਹਿਲੀ ਵਾਰੀ ਬੈਂਕੌਕ ਵਿਚ ਆ ਰਿਹਾ ਸੀ, ਜਿਸ ਕਰਕੇ ਸਾਰੇ ਸ਼ਹਿਰ ਨੂੰ ਏਨੇ ਠਾਠਦਾਰ ਢੰਗ ਨਾਲ ਸਜਾਇਆ ਗਿਆ ਸੀ ਕਿ ਵੇਖ ਵੇਖ ਕੇ ਅੱਖਾਂ ਨਹੀਂ ਸਨ ਰੱਜਦੀਆਂ। ਸਾਰੇ ਬੈਂਕੌਕ ਵਿਚ ਉਸ ਦਿਨ ਇਕ ਵਡੇਰੇ ਮੇਲੇ ਦਾ ਮਾਹੌਲ ਸੀ, ਲੋਕ-ਜੀਵਨ ਵਿਚ ਅਤੇ ਸਰਕਾਰੀ ਪੱਧਰ ਉਪਰ ਵਿਸ਼ੇਸ਼ ਕਿਸਮ ਦੀ ਹਲ ਚਲ ਸੀ। ਇਹੋ ਜਿਹੇ ਦਿਨ ਬੈਂਕੌਕ ਦੇ ਦਰਸ਼ਨ ਆਮ ਦਿਨਾਂ ਦੇ ਮੁਕਾਬਲੇ ਵਿਚ ਕੁਝ ਵਧੇਰੇ ਹੀ ਪ੍ਰਭਾਵਸ਼ਾਲੀ ਲੱਗਦੇ ਸਨ। ਇਸ ਤੋਂ ਬਾਅਦ ਅਗਲੇ ਦੋ ਤਿੰਨ ਦਿਨ ਅਤੇ ਖ਼ਾਸ ਕਰਕੇ ਦੋ ਤਿੰਨ ਰਾਤਾਂ ਦਾ ਬੈਂਕੌਕ ਏਨਾ ਸਜੀਲਾ ਦੀਪ ਮਾਲਾ ਨਾਲ ਇੰਜ ਜਗਮਗਾਉਂਦਾ ਸੀ ਕਿ ਉਸ ਨੂੰ "ਅਨੂਪਮ" ਕਹਿਣ ਨੂੰ ਚਿੱਤ ਕਰਦਾ ਸੀ। ਅਸੀਂ ਉਨ੍ਹਾਂ ਰਾਤਾਂ ਵਿਚ ਮਿਤਰਵਰ ਰਾਜਪਾਲ ਦੀ ਮੋਟਰ ਕਾਰ 'ਚ ਬਹਿ ਕੇ ਰਾਤ ਦਾ ਬੈਂਕੌਕ ਵੇਖਣ ਨਿਕਲਦੇ ਤੇ ਮੀਲਾਂ ਵਿਚ ਪਸਰੀਆਂ ਰੰਗਾ ਰੰਗ ਰੋਸ਼ਨੀਆਂ ਨੂੰ ਵੇਖ ਕੇ ਇਕ ਖਾਸ ਤਰ੍ਹਾਂ ਦੇ ਗੌਰਵ ਨਾਲ ਭਰ ਭਰ ਜਾਂਦੇ। ਕਿਉਂਕਿ ਇਹ ਸਭ ਸਾਡੇ ਦੇਸ਼ ਦੇ ਰਾਜ ਪਰਮੁਖ ਦੇ ਸਨਮਾਨ ਵਿਚ ਕੀਤਾ ਗਿਆ ਸੀ।

ਇਸ ਸਾਰੇ ਜਤਨ ਤੋਂ ਥਾਈ ਸਰਕਾਰ ਦੇ ਭਾਰਤ ਵੱਲ ਉਚੇਚੇ ਝੁਕਾਅ ਦਾ ਇਕ ਸਹਿਜ ਅੰਦਾਜ਼ਾ ਵੀ ਹੋ ਰਿਹਾ ਸੀ। ਭਾਰਤ ਤੋਂ ਬਾਹਰ ਇਕ ਆਜ਼ਾਦ ਗਵਾਂਢੀ ਦੇਸ਼ ਵਿਚ ਭਾਰਤ ਬਾਰੇ ਕਿਸ ਤਰ੍ਹਾਂ ਦੀ ਰਾਏ ਤੇ ਆਦਰ ਸਨਮਾਨ ਹੈ, ਇਹ ਜਾਨਣ ਦਾ ਮੇਰੇ ਲਈ ਉਨ੍ਹਾਂ ਦਿਨਾਂ ਵਿਚ ਸੁਨਹਿਰੀ ਮੌਕਾ ਸੀ ਤੇ ਮੈਂ ਉਸ ਮੌਕੇ ਤੋਂ ਪੂਰਾ ਲਾਭ ਉਠਾਉਣ ਦਾ ਜਤਨ ਵੀ ਕੀਤਾ। ਮੇਰੀ ਜ਼ਬਾਨ ਉਪਰ ਅਨੇਕਾਂ ਸਵਾਲ ਸਨ ਤੇ ਕੰਨ ਕਿਸੇ ਵੀ ਅਵਾਜ਼ ਨੂੰ ਬੋਚ ਲੈਣ ਲਈ ਤਤਪਰ। ਥਾਈ ਲੋਕਾਂ ਦੀ ਰਾਏ ਬਾਰੇ ਪੁੱਛ ਪਰਤੀਤ ਕਰਨ ਤੇ ਪਤਾ ਲੱਗਾ ਕਿ ਲੋਕ ਇਸ ਗੱਲੋਂ ਤਾਂ ਖ਼ੁਸ਼ ਹਨ ਕਿ ਪਾਕਿਸਤਾਨ ਨੂੰ ਜ਼ਬਰਦਸਤ ਸ਼ਿਕਸਤ ਦੇਣ ਵਾਲੇ ਅਤੇ ਬੰਗਲਾ ਦੇਸ਼ ਦੇ ਜ਼ੁਲਮ ਸਹਿੰਦੇ, ਆਜ਼ਾਦੀ ਲਈ ਲੜਦੇ ਸਹਿਕਦੇ ਲੋਕਾਂ ਨੂੰ ਆਜ਼ਾਦੀ ਦਿਵਾਣ ਵਾਲੇ ਭਾਰਤ ਦਾ ਰਾਜ ਪਰਮੁਖ ਪਹਿਲੀ ਵਾਰੀ ਉਨ੍ਹਾਂ ਦੇ ਦੇਸ਼ ਵਿਚ ਉਨ੍ਹਾਂ ਦਾ ਮਹਿਮਾਨ ਬਣ ਕੇ ਆਇਆ ਹੈ, ਪਰ ਉਂਜ ਉਨ੍ਹਾਂ ਦੇ ਮਨ ਦੀ ਅਵਾਜ਼ ਇਹ ਸੀ ਕਿ 'ਕਾਸ਼! ਰਾਸ਼ਟਰਪਤੀ ਦੀ ਥਾਂ ਤੇ ਕਿਤੇ ਭਾਰਤ ਦੀ ਪਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਉਨ੍ਹਾਂ ਦੇ ਦੇਸ਼ ਆਈ ਹੁੰਦੀ।'

ਥਾਈਲੈਂਡ ਵਿਚ ਵਸਦੇ ਭਾਰਤੀਆਂ ਦੀ ਸੋਚਣੀ ਉਸ ਦਿਨ ਆਪਣੇ ਹੀ ਢੰਗ ਨਾਲ ਚਲ ਰਹੀ ਸੀ। ਕਈ ਸਰਕਰਦਾ ਵਿਅਕਤੀ ਉਸ ਦਿਨ ਆਪਣੇ ਆਪ ਹੀ ਇਕ ਉਤਸ਼ਾਹ ਜਿਹੇ ਨਾਲ ਇਹ ਗੱਲ ਆਖੀਦੇ ਵੇਖੇ ਸੁਣੇ ਗਏ ਕਿ "ਪਾਕਿਸਤਾਨ ਉਪਰ ਭਾਰਤ ਦੀ ਜਿੱਤ ਨੇ ਸਾਡੇ ਪ੍ਰਤੀ ਥਾਈ ਲੋਕਾਂ ਦਾ ਰੁਖ ਬਦਲ ਦਿਤਾ ਹੈ। ਪਹਿਲਾਂ ਇਹ ਸਾਡੇ ਵਲ ਉਪਰੇਵੇਂ-ਭਰੀਆਂ ਨਜ਼ਰਾਂ ਨਾਲ ਤੱਕਦੇ ਸਨ ਤੇ ਦਿਨੋਂ-ਦਿਨ ਰੁੱਖੇ ਹੁੰਦੇ ਜਾ ਰਹੇ ਸਨ, ਪਰ ਹੁਣ ਇਹ ਸਾਨੂੰ ਇਜ਼ਤ, ਮਾਨ ਤੇ ਸਨੇਹ ਨਾਲ ਤੱਕਣ ਲਗ ਪਏ ਨੇ। ਇਨ੍ਹਾਂ ਸਰਕਰਦਾ ਵਿਅਕਤੀਆਂ ਦੀ ਇਹ ਵੀ ਧਾਰਨਾ ਸੀ ਕਿ ਥਾਈ ਸਰਕਾਰ ਨੇ ਇਨ੍ਹਾਂ ਦਿਨਾਂ ਵਿਚ—ਜਦੋਂ ਕਿ ਭਾਰਤ ਤੇ ਅਮਰੀਕਾ ਦੀ ਖਟਪਟ ਸਿਖਰ ਨੂੰ ਪੁਜੀ ਹੋਈ ਹੈ, ਅਤੇ ਥਾਈਲੈਂਡ ਦੱਖਣ ਪੂਰਬੀ ਏਸ਼ੀਆ ਵਿਚ ਅਮਰੀਕਾ ਦੀ ਇਕ ਮੁਖੀ ਧਿਰ ਦੇ ਨਾਤੇ ਉਸ ਦੀਆਂ ਨੀਤੀਆਂ ਨੂੰ ਅਮਲੀ ਰੂਪ ਦੇਣ ਲਈ ਬਚਨਬੱਧ ਹੈ—ਭਾਰਤ ਦੇ ਰਾਸ਼ਟਰਪਤੀ ਨੂੰ ਥਾਈਲੈਂਡ ਵਿਚ ਬੁਲਾ ਕੇ 'ਆਪਣੀ ਚੋਣ' ਦੱਸ ਦਿਤੀ ਹੈ।

ਉਸੇ ਸ਼ਾਮ ਹੀ ਜਦੋਂ ਭਾਰਤ ਦੀ ਇਕ ਪਰਸਿਧ ਸਮਾਚਾਰ ਏਜੰਸੀ 'ਹਿੰਦੁਸਤਾਨ ਸਮਾਚਾਰ' ਦੇ ਮੁਖੀ ਸ੍ਰੀ ਬਾਲੇਸ਼ਵਰ ਪ੍ਰਸਾਦ ਅਗਰਵਾਲ ਅਤੇ ਦਿੱਲੀ ਦੇ ਇਕ ਮਸ਼ਹੂਰ ਪੱਤਰਕਾਰ ਸ੍ਰੀ ਸ਼ਿਵ ਲਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ, ਤਾਂ ਬੈਂਕੌਕ ਦੇ ਉਪਰਲੇ ਹਲਕਿਆਂ ਵਿਚ ਚਲ ਰਹੀਆਂ ਸਿਆਸੀ ਸਰਗਰਮੀਆਂ ਦਾ ਕੁਝ ਅੰਦਾਜ਼ਾ ਉਨ੍ਹਾਂ ਨੇ ਵੀ ਦਿਤਾ। ਇਹ ਦੋਵੇਂ ਸੱਜਣ ਹੀ ਦਿੱਲੀ ਤੋਂ ਰਾਸ਼ਟਰਪਤੀ ਦੇ ਸਿਆਮ ਦੌਰੇ ਨੂੰ ਕਵਰ ਕਰਨ ਲਈ ਬੈਂਕੌਕ ਪੁਜੇ ਹੋਏ ਸਨ ਤੇ ਪਿਛਲੇ ਤਿੰਨ ਚਾਰ ਦਿਨਾਂ



Sri Satguru Jagjit Singh Ji eLibrary NamdhariElibrary@gmail.com

ਤੋਂ ਥਾਈ ਪ੍ਰੈੱਸ ਅਤੇ ਸਿਆਸਤਦਾਨਾਂ ਦੇ ਨਿਕਟ ਸੰਪਰਕ ਵਿਚ ਸਨ। ਇਨ੍ਹਾਂ ਦੋਹਾਂ ਦੇ ਆਉਂਦਿਆਂ ਹੀ ਸਿਆਮ-ਭਾਰਤ ਸਬੰਧਾਂ ਬਾਰੇ ਗੱਲਬਾਤ ਨੇ ਇਕ ਛੋਟੀ ਗੋਸ਼ਟੀ ਦਾ ਰੂਪ ਲੈ ਲਿਆ। ਉਸ ਛੋਟੀ ਜਿਹੀ ਗੋਸ਼ਟੀ ਵਿਚ ਸਿਆਮ ਭਾਰਤ ਦੇ ਸੰਬੰਧਾਂ ਦੀ ਖੁਲ੍ਹ ਕੇ ਸਮੀਖਿਆ ਕੀਤੀ ਗਈ, ਜਿਸ ਵਿਚ ਸੇਠ ਤ੍ਰਿਲੋਕ ਸਿੰਘ ਜੀ ਨੇ ਸਿਆਮ ਭਾਰਤ ਦੇ ਸੰਬੰਧਾਂ ਨੂੰ ਸੁਧਾਰਨ ਅਤੇ ਉਨ੍ਹਾਂ ਕੋਸ਼ਿਸ਼ਾਂ ਵਿਚ ਆਉਣ ਵਾਲੀਆਂ ਅੜਿੱਚਣਾਂ ਦੀ ਵਿਸਤ੍ਰਿਤ ਚਰਚਾ ਕੀਤੀ। ਸੇਠ ਤ੍ਰਿਲੋਕ ਸਿੰਘ ਜੀ ਚਿਰਾਂ ਤੋਂ ਥਾਈਲੈਂਡ ਵਿਚ ਵਸਦੇ ਅਤੇ ਧਨ, ਮਾਨ ਤੇ ਬੌਧਕ ਪਹੁੰਚ ਵਲੋਂ ਇਕ ਪਰਮੁਖ ਵਿਅਕਤੀ ਹੋਣ ਕਰਕੇ—ਚਿਰਾਂ ਤੋਂ ਇਕ ਅਜਿਹੀ ਕੜੀ ਦੇ ਰੂਪ ਵਿਚ ਕੰਮ ਕਰਦੇ ਆ ਰਹੇ ਹਨ, ਜਿਹੜੀ ਕੜੀ ਸਿਆਮ ਤੇ ਭਾਰਤ ਨੂੰ ਸਿਆਸੀ ਪੱਧਰ ਉਤੇ ਵੀ ਲੋਕ ਪੱਧਰ ਉਪਰ ਵੀ ਇਕ ਦੂਜੇ ਦੇ ਵਧ ਤੋਂ ਵਧ ਨੇੜੇ ਲਿਆ ਸਕਣ ਵਿਚ ਸਹਾਇਕ ਹੋ ਸਕਦੀ ਹੈ। ਉਨ੍ਹਾਂ ਨੇ ਸਿਆਮ ਵਿਚ ਨਿਯੁਕਤ ਹੋਣ ਵਾਲੇ ਭਾਰਤ ਦੇ ਪਿਛਲੇ ਕੁਝ ਕੁ ਰਾਜਦੂਤਾਂ ਵਿਚੋਂ ਕਈ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ ਅਤੇ ਕਈਆਂ ਦੀਆਂ ਬੇਪਰਵਾਹੀਆਂ ਦਾ ਵੀ। ਆਪ ਦੀ ਸਪੱਸ਼ਟ ਧਾਰਨਾ ਸੀ ਕਿ ਸਿਆਮ ਤੇ ਭਾਰਤ ਨੂੰ ਸਰਕਾਰੀ ਅਤੇ ਲੋਕ ਪੱਧਰ ਉਪਰ ਇਕ ਦੂਜੇ ਦੇ ਨੇੜੇ ਲਿਆਉਣ ਦਾ ਕੰਮ ਸਿਆਮ ਵਿਚ ਵਸਦੇ ਭਾਰਤੀਆਂ ਅਤੇ ਭਾਰਤ ਦੇ ਰਾਜਦੂਤਾਂ ਦੇ ਕੀਤਿਆਂ ਹੋਣ ਵਾਲਾ ਹੈ। ਇਸ ਬਾਰੇ ਰਾਜਦੂਤਾਂ ਦੀ ਚੋਣ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਆਪ ਨੇ ਬੜੇ ਹਿਰਖ ਨਾਲ ਸਿਆਮ ਵਿਚ ਵਸਦੇ ਬਹੁਤ ਸਾਰੇ ਅਸਰ ਰਸੂਖ ਵਾਲੇ ਭਾਰਤੀਆਂ ਦੀ ਇਸ ਮਨੋਬਿਰਤੀ ਦਾ ਜ਼ਿਕਰ ਵੀ ਕੀਤਾ ਕਿ ਏਥੇ ਹੀ ਕਮਾਉਣ, ਖਾਣ ਅਤੇ ਰਹਿਣ ਦੀਆਂ ਵਡੀਆਂ ਤੋਂ ਵਡੀਆਂ ਸਹੂਲਤਾਂ ਨੂੰ ਭੋਗ ਕੇ ਇਸ ਦੇਸ਼ ਦੇ ਪ੍ਰਤੀ ਭਾਰਤੀਆਂ ਦੀ ਉਹ ਮਮਤਾ ਨਹੀਂ ਪ੍ਰਗਟ ਹੁੰਦੀ ਜਿਹੜੀ ਇਸ ਦੇਸ ਦੇ ਲੋਕਾਂ ਦੇ ਮਨਾਂ ਵਿਚ ਸਾਡੇ ਪ੍ਰਤੀ ਗੂਹੜੀ ਅਪਣੱਤ ਦੀ ਭਾਵਨਾ ਜਗਾ ਸਕੇ। ਏਥੇ ਵਸਦੇ ਭਾਰਤੀਆਂ ਕੋਲ ਧਨ ਦੀ ਕਮੀ ਨਹੀਂ, ਗਿਣਤੀ ਵੀ ਬਥੇਰੀ ਹੈ—ਪਰ ਸਿਆਮ ਦੇਸ ਦੇ ਲੋਕਾਂ ਨੂੰ ਸਮਰਪਤ ਕੋਈ ਵੀ ਸਾਂਝਾ ਜਤਨ ਸਾਡੇ ਲੋਕਾਂ ਵਲੋਂ ਅਜੇ ਤਕ ਹੋਇਆ ਨਹੀਂ। ਜਾਂ—ਜੇ ਸ਼ੁਰੂ ਹੋਇਆ ਹੈ ਤਾਂ ਸਿਰੇ ਨਹੀਂ ਚੜ੍ਹਿਆ।

ਬੰਗਲਾ ਦੇਸ ਦੀ ਆਜ਼ਾਦੀ ਤੇ ਕਾਇਮੀ, ਪਾਕਿਸਤਾਨ ਦੀ ਹਾਰ, ਪਾਕਿਸਤਾਨ ਦੇ ਪੱਖ ਵਿਚ ਹੋਣ ਕਰਕੇ ਅਮਰੀਕਾ ਦੀ ਨਮੋਸ਼ੀ, ਅਮਰੀਕੀ ਰਾਸ਼ਟਰਪਤੀ ਦਾ ਚੀਨ ਦੌਰਾ, ਦੱਖਣ ਪੂਰਬੀ ਏਸ਼ੀਆ ਵਿਚ ਨਵੇਂ ਜੋੜ-ਤੋੜ ਵਿਚ ਸਿਆਮ ਦੀ ਭੂਮਿਕਾ ਬਾਰੇ ਮੇਰੇ ਤੇ ਸ੍ਰੀ ਅਗਰਵਾਲ ਦੇ ਨਿਸ਼ਕਰਸ਼ ਲਗਪਗ ਇਕੋ ਜਿਹੇ ਸਨ, ਜਿਨ੍ਹਾਂ ਬਾਰੇ ਸਾਡਾ ਮਤ ਇਹ ਬਣਦਾ ਸੀ ਕਿ ਹੁਣ ਹੀ ਵੇਲਾ ਹੈ—ਜਦੋਂ ਕਿ ਸਿਆਮ ਨੇ ਇਕ ਸੰਕੇਤ ਦਿਤਾ ਹੈ ਤੇ ਭਾਰਤ ਸਾਰੀ ਸਥਿਤੀ ਨੂੰ ਸਹੀ ਸੇਧ ਵਿਚ ਲਿਜਾ ਸਕਦਾ ਹੈ।

ਦੱਖਣ ਪੂਰਬੀ ਏਸ਼ੀਆ ਦੇ ਇਸ ਛੋਟੇ ਜਿਹੇ ਦੇਸ ਦੀ ਵਿਸ਼ਿਸ਼ਟ ਸਥਿਤੀ ਤੇ ਉਸ ਦੇ ਭਾਰਤ ਨਾਲ ਸੰਬੰਧਾਂ ਅਤੇ ਪ੍ਰਭਾਵਾਂ ਦਾ ਸਹੀ ਸਹੀ ਅੰਦਾਜ਼ਾ ਕਰਨ ਲਈ ਇਸ ਦੇ ਰਾਜਨੀਤਕ ਤੇ ਇਤਿਹਾਸਕ ਪਿਛੋਕੜ ਉਪਰ ਇਕ ਉਡਦੀ ਉਡਦੀ ਝਾਤ ਮਾਰ ਲੈਣੀ ਮੁਨਾਸਿਬ ਹੋਵੇਗੀ।

ਢਾਈ-ਪੌਣੇ ਤਿੰਨ ਕਰੋੜ ਦੀ ਆਬਾਦੀ ੨ ਲਖ ੨੦ ਹਜ਼ਾਰ ਵਰਗ ਮੀਲ ਧਰਤੀ ਵਾਲੇ ਛੋਟੇ ਜਿਹੇ ਸਿਆਮ ਦੇਸ ਨੂੰ ਅਕਸਰ ਆਪਣੇ ਤੋਂ ਵਡੇਰੀ ਤਾਕਤ ਵਾਲੇ ਦੇਸਾਂ ਨਾਲ ਜਾਂ ਤੇ ਲੜਨਾ ਪਿਆ ਹੈ ਜਾਂ ਉਨ੍ਹਾਂ ਦੇ ਘੇਰੇ ਦੀ ਸਥਿਤੀ ਵਿਚ ਰਹਿਣਾ ਪਿਆ ਹੈ। ਆਜ਼ਾਦ ਰਹਿਣ ਦੀ ਏਨੀ ਪਰਬਲ ਅਤੇ ਚੁਫੇਰੇ ਦੇ ਹਾਲਾਤ ਵਧ ਤੋਂ ਵਧ ਨਾ-ਮੁਆਫ਼ਕ ਹੋਣ ਕਰਕੇ ਸਿਆਮ ਨੇ ਅਕਸਰ ਕਿਸੇ ਨਾ ਕਿਸੇ ਵਡੇਰੀ ਸ਼ਕਤੀ ਦਾ ਸਾਥ ਤੇ ਸਹਾਰਾ ਚਾਹਿਆ ਹੈ—ਖਾਸ ਕਰਕੇ ਅਮਰੀਕਾ ਦਾ। ਇੰਝ ਮੰਨਿਆ ਜਾਂਦਾ ਹੈ ਕਿ ਸਿਆਮ ਦਾ ਰਾਜਨੀਤਕ ਸਲਾਹਕਾਰ ਪਿਛਲੇ ਕਈ ਦਹਾਕਿਆਂ ਤੋਂ ਅਮਰੀਕਾ ਹੀ ਰਿਹਾ ਹੈ ਅਤੇ ਸਿਆਮ ਉਪਰ ਰਾਜਨੀਤਕ ਦਬਾਅ ਇਕ ਬੰਨੇ ਅੰਗਰੇਜ਼ਾਂ ਦਾ, ਦੂਜੇ ਬੰਨੇ ਫ਼ਰਾਂਸ ਦਾ ਰਿਹਾ ਹੈ। ਸਿਆਮ ਦੇ ਇਕ ਪਾਸੇ ਬਰਮਾ ਹੈ ਅਤੇ ਦੂਜੇ ਪਾਸੇ ਹਿੰਦ ਚੀਨ ਜਾਂ ਇੰਡੋ-ਚਾਇਨਾ ਦੇ 'ਵੀਅਤਨਾਮ', 'ਲਾਓਸ' ਅਤੇ 'ਕੰਬੋਡੀਆ'। ਮਲਾਏਸ਼ੀਆ ਨਾਲ ਇਸ ਦੀਆਂ ਜ਼ਮੀਨੀ ਤੇ ਸਮੁੰਦਰੀ ਸੀਮਾਵਾਂ ਸਾਂਝੀਆਂ ਹਨ। ਸਮੁੰਦਰ ਇਸ ਨੂੰ ਮਲਾਏਸ਼ੀਆ, ਸਿੰਘਾਪੁਰ, ਜਾਵਾ, ਸੁਮਾਤਰਾ, ਇੰਡੋਨੇਸ਼ੀਆ, ਫ਼ਿਲਪਾਈਨ ਅਤੇ ਚੀਨ ਤੇ ਜਾਪਾਨ ਨਾਲ ਜਾ ਮਿਲਾਉਂਦਾ ਹੈ। ਬੰਗਾਲ ਦੀ ਖਾੜੀ ਤੇ ਅੰਡੇਮਾਨ ਸਾਗਰ ਦੀ ਸਾਂਝ ਸਿਆਮ ਦੀ ਖਾੜੀ ਨਾਲ ਅਤਿ ਨੇੜੇ ਦੀ ਹੈ। ਸਿਆਮ ਦੇ ਗਵਾਂਢੀ ਦੇਸਾਂ ਬਰਮਾ ਤੇ ਮਲਾਏਸ਼ੀਆ ਵਿਚ ਇਕ ਲੰਮੇ ਸਮੇਂ ਤਕ ਜੋ ਅੰਗਰੇਜ਼ੀ



Sri Satguru Jagjit Singh Ji eLibrary NamdhariElibrary@gmail.com

ਸਾਮਰਾਜ ਦਾ ਰਾਜ ਰਿਹਾ ਹੈ ਤਾਂ ਇੰਡੋ-ਚੀਨ ਵਿਚ ਫ਼ਰਾਂਸੀਸੀ ਸਾਮਰਾਜ ਦਾ। ਵੀਹਵੀਂ ਸਦੀ ਦੇ ਇਤਿਹਾਸ ਵਿਚ ਬ੍ਰਿਟਿਸ਼ ਸਾਮਰਾਜ ਦੇ ਦਬਾਅ ਹੇਠ ਸਿਆਮ ਨੂੰ ੧੯੦੯ ਵਿਚ ੪੫ ਹਜ਼ਾਰ ਵਰਗ ਮੀਲ ਇਲਾਕਾ ਮਲਾਇਆ ਲਈ ਛੱਡਣਾ ਪਿਆ ਅਤੇ ਅੱਜ ਦੇ ਹਿੰਦ-ਚੀਨੀ ਦੇ ਕੰਬੋਡੀਆ ਤੇ ਲਾਓਸ ਸਿਆਮ ਕੋਲੋਂ ਫ਼ਰਾਂਸੀਸੀਆਂ ਨੇ ਖੋਹ ਲਏ ਸਨ।

ਇਸ ਤੋਂ ਵੀ ਪਹਿਲਾਂ ਸਿਆਮ ਨੂੰ ਸੱਤਵੀਂ ਈਸਵੀ ਸਦੀ ਤੋਂ ਲੈਕੇ ਤੇਰ੍ਹਵੀਂ ਸਦੀ ਤਕ ਚੀਨ ਨਾਲ ਅਤੇ ਚੌਧਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤਕ ਬਰ੍ਹਮਾ ਨਾਲ ਭਾਰੀ ਟੱਕਰਾਂ ਲੈਣੀਆਂ ਪਈਆਂ ਹਨ।

ਦੂਜੀ ਵੱਡੀ ਜੰਗ ਸਮੇਂ ਸਿਆਮ ਵਲੋਂ ਜਾਪਾਨੀ ਫ਼ੌਜਾਂ ਨੂੰ ਰਸਤਾ ਦੇਣ ਤੋਂ ਇਨਕਾਰ ਕਰਨ ਤੇ ੧੯੪੧ ਵਿਚ ਸਿਆਮ ਨੂੰ ਜਾਪਾਨੀ ਹਮਲੇ ਦਾ ਸਾਹਮਣਾ ਕਰਨਾ ਪਿਆ— ਹਾਲਾਂਕਿ ਸਿਆਮ ਉਸ ਵੇਲੇ ਤਕ ਜੰਗ ਵਿਚ ਨਿਰਪੱਖ ਦੇਸ ਸੀ। ਉਸ ਵੇਲੇ ਜਾਪਾਨ ਹਿਟਲਰ ਦੇ ਜਰਮਨੀ ਦਾ ਸਾਥੀ ਸੀ ਤੇ ਇਕ ਜ਼ਬਰਦਸਤ ਫ਼ਾਸ਼ਿਸਟ ਤਾਕਤ ਦੇ ਰੂਪ ਵਿਚ ਏਸ਼ੀਆਈ ਦੇਸਾਂ ਉਪਰ ਹੀ ਹਮਲੇ ਕਰ ਕਰਕੇ ਕਹਿਰ ਢਾਹ ਰਿਹਾ ਸੀ। ਏਨੀ ਪਰਬਲ ਸ਼ਕਤੀ ਨਾਲ ਲੜ ਕੇ ਜਿੱਤ ਸਕਣਾ ਉਸ ਵੇਲੇ ਸਿਆਮ ਦੇ ਬੁੱਤੇ ਤੋਂ ਬਾਹਰ ਹੋਣ ਕਰਕੇ ਅੰਤ ਨੂੰ ਸਿਆਮ ਜਾਪਾਨ ਨਾਲ ਇਕ ਸਮਝੌਤਾ ਕਰਨ ਲਈ ਮਜਬੂਰ ਹੋਇਆ, ਜਿਸ ਅਨੁਸਾਰ ਸਿਆਮ ਨੇ ਜਾਪਾਨੀ ਫ਼ੌਜਾਂ ਤੇ ਰਸਦ ਲਈ ਰਸਤਾ ਦੇਣਾ ਮੰਨਿਆ ਅਤੇ ਜਾਪਾਨ ਨੇ ਇਹ ਗੱਲ ਮੰਨੀ ਕਿ ਉਹ ਸਿਆਮ ਦੇ ਅੰਦਰੂਨੀ ਮਾਮਲਿਆਂ ਵਿਚ ਕੋਈ ਦਖਲ ਨਹੀਂ ਦੇਵੇਗਾ, ਪਰ ਜਾਪਾਨ ਨੇ ਮਲਾਏਸ਼ੀਆ ਦੇ ਲੋਕਾਂ ਉਪਰ ਜੋ ਅਤਿਆਚਾਰ ਕੀਤੇ ਸਨ ਤੇ ਹੋਰ ਹਰ ਥਾਂ ਜਿਸ ਬੇਕਿਰਕੀ ਨਾਲ ਜ਼ੁਲਮ ਢਾਹ ਰਿਹਾ ਸੀ ਉਸ ਤੋਂ ਸਿਆਮ ਕੋਲੋਂ ਜਾਪਾਨ ਦੇ ਇਰਾਦੇ ਲੁਕੇ ਨਹੀਂ ਸਨ ਹੋਏ। ਸੋ ਸਿਆਮ ਦੀ ਵਿਪੁਲ ਸੰਗਰਾਮ ਸਰਕਾਰ ਨੇ ਜਾਪਾਨ ਨਾਲ ਸਮਝੌਤੇ ਤੋਂ ਛੇਤੀ ਹੀ ਪਿਛੋਂ ਇਕ ਰਾਜਨੀਤਕ ਚਾਲ ਚੱਲੀ, ਜਿਸ ਅਨੁਸਾਰ ਸਿਆਮ ਨੇ ਅਮਰੀਕਾ ਅਤੇ ਬਰਤਾਨੀਆ ਦੇ ਖਿਲਾਫ ਜੰਗ ਦਾ ਐਲਾਨ ਕਰ ਦਿਤਾ। ਇੰਝ ਕਰਕੇ ਸਿਆਮ ਦੀ ਵਿਪੁਲ ਸੰਗਰਾਮ ਸਰਕਾਰ ਨੇ ਜਾਪਾਨ ਦੇ ਨਾਲ ਨਾਲ ਅਮਰੀਕੀ ਫ਼ੌਜਾਂ ਲਈ ਵੀ ਸਿਆਮ ਦੇ ਦਰ ਖੋਲ੍ਹ ਦਿਤੇ। ਨਾਲ ਹੀ ਅਮਰੀਕਾ ਵਿਚ ਸਿਆਮੀ ਰਾਜਦੂਤ ਰਾਹੀਂ ਅਮਰੀਕੀ ਰਾਸ਼ਟਰਪਤੀ ਨੂੰ ਗੁਪਤ ਰੂਪ ਵਿਚ ਇਸ ਗੱਲ ਦਾ ਵਿਸ਼ਵਾਸ ਦਿਲਾ ਦਿਤਾ ਕਿ ਸਿਆਮ ਦਾ ਉਪਰੋਕਤ ਐਲਾਨ ਫ਼ਰਜ਼ੀ ਹੈ। ਅਸਲ ਵਿਚ ਸਿਆਮ ਜਾਪਾਨ ਵਿਰੁਧ ਗੁਰੀਲਿਆਂ ਦੀ ਇਕ ਛਾਪਾਮਾਰ ਫ਼ੌਜ ਤਿਆਰ ਕਰ ਰਿਹਾ ਸੀ, ਜਿਸ ਲਈ ਉਸ ਨੇ ਅਮਰੀਕੀ ਸਲਾਹਕਾਰਾਂ ਅਤੇ ਆਧੁਨਿਕ ਅਸਤਰ ਸ਼ਸਤਰਾਂ ਦੀ ਮੰਗ ਕੀਤੀ। ਨੱਬੇ ਹਜ਼ਾਰ ਦੀ ਉਸ ਗੁਰੀਲਾ ਫ਼ੌਜ ਨੂੰ ਅਮਰੀਕਾ ਨੇ ਹਥਿਆਰਬੰਦ ਕੀਤਾ ਤੇ ਅਮਰੀਕਨ ਸਲਾਹਕਾਰਾਂ ਦੀ ਸਲਾਹ ਅਨੁਸਾਰ ਹੀ ਉਸ ਫ਼ੌਜ ਨੇ ਕੰਮ ਕੀਤਾ।

ਜੰਗ ਵਿਚ ਜਾਪਾਨ ਦੀ ਹਾਰ ਹੋ ਜਾਣ ਤੋਂ ਬਾਅਦ ਸਾਰੀ ਸਥਿਤੀ ਬਦਲ ਗਈ। ਜਿਹੜੀ ਗੁਰੀਲਾ ਫ਼ੌਜ ਜਾਪਾਨ ਦੇ ਖਿਲਾਫ ਲੜਨ ਲਈ ਤਿਆਰ ਕੀਤੀ ਗਈ ਸੀ, ਉਸੇ ਨੇ ਸਿਆਮ ਦੇ ਰਾਜ-ਪਾਟ ਉਪਰ ਕਬਜ਼ਾ ਕਰ ਲਿਆ। ਸਿੱਧੇ ਤਾਂ ਨਹੀਂ, ਪਰ ਅਸਿੱਧੇ ਰੂਪ ਵਿਚ ਅਮਰੀਕਾ ਨੇ ਸਿਆਮ ਵਿਚ ਜਾਪਾਨ ਦੀ ਥਾਂ ਲੈ ਲਈ ਅਤੇ ਸਿਆਮ ਦੇ ਅੰਦਰੂਨੀ ਮਾਮਲਿਆਂ ਵਿਰੁਧ ਦਖਲ ਵਧਾ ਲਿਆ।

ਅਮਰੀਕਾ ਦੇ ਦੂਜੇ ਇਤਿਹਾਦੀ ਬਰਤਾਨੀਆ ਨੇ ਸਿਆਮ ਨੂੰ ਜੰਗੀ ਮੁਜਰਮ ਮੰਨ ਕੇ ਆਪਣੇ ਢੰਗ ਨਾਲ ਸਿਆਮ ਵਿਚ ਅਧਿਕਾਰ ਜਮਾਇਆ। ੩ ਸਤੰਬਰ, ੧੯੪੫ ਨੂੰ ਸਿਆਮ ਦੇ ਇਕ ਪ੍ਰਤੀਨਿਧ ਮੰਡਲ ਵਲੋਂ ਦਿਤੇ ਗਏ ਭੋਜ ਵਿਚ ਲਾਰਡ ਲੂਈਸ ਮਾਊਂਟਬੇਟਨ ਨੇ ੨੧ ਧਾਰਾਵਾਂ ਵਾਲਾ ਇਕ ਅਧਿਕਾਰ-ਪੱਤਰ ਪੇਸ਼ ਕੀਤਾ। ਉਸ ਪੱਤਰ ਅਨੁਸਾਰ ਸਿਆਮ ਦੇ ਤੇਲ, ਲੱਕੜੀ ਚੌਲ, ਰਬੜ ਅਤੇ ਟੀਨ ਉਪਰ ਬਰਤਾਨੀਆਂ ਦੇ ਪੂਰਨ ਅਧਿਕਾਰ ਦੀ ਮੰਗ ਸੀ। ਸਿਆਮ ਦੇ ਜਹਾਜ਼ੀ ਕਾਰੋਬਾਰ ਉਪਰ ਬਰਤਾਨਵੀ ਕੰਟਰੋਲ ਦੀ ਮੰਗ ਸੀ। ਖਾਸ ਖਾਸ ਅੱਡਿਆਂ ਉਪਰ ਬਰਤਾਨਵੀ ਫ਼ੌਜ ਤਾਇਨਾਤ ਕਰਨ ਦੀ ਸ਼ਰਤ ਸੀ। ਸਿਆਮ ਦੇ ਹਵਾਈ ਅੱਡਿਆਂ ਅਤੇ ਸਮੁੰਦਰੀ ਬੰਦਰਗਾਹਾਂ ਉਪਰ ਬਰਤਾਨੀਆ ਦੇ ਅਧਿਕਾਰ ਦਾ ਦਾਅਵਾ ਅਤੇ ਬੈਂਕੌਕ ਨਾਲ ਕੁਲ ਦੁਨੀਆਂ ਦੇ ਹਵਾਈ ਸੰਬੰਧਾਂ ਉਤੇ ਬਰਤਾਨੀਆਂ ਦੇ ਕੰਟਰੋਲ ਦੀ ਮੰਗ ਸੀ। ਇਸ ਤੋਂ ਬਿਨਾਂ ਬਰਤਾਨੀਆਂ ਵਿਰੁਧ ਜੰਗ ਦੇ ਹਰਜਾਨੇ ਵਜੋਂ ਸਿਆਮ ਕੋਲੋਂ ਬਰਤਾਨੀਆਂ ਨੇ, ੧,੫੦੦,੦੦੦ ਟਨ ਚੌਲਾਂ ਦੀ ਮੰਗ ਕੀਤੀ।

ਸਿਆਮ ਨੇ ਹਿਟਲਰ ਵਲੋਂ ਜੰਗ ਸ਼ੁਰੂ ਕਰਨ ਤੋਂ ਠੀਕ ਦੋ ਮਹੀਨੇ ਪਹਿਲਾਂ ਆਪਣਾ ਨਾਮ ਬਦਲਕੇ 'ਸਿਆਮ' ਦੀ ਥਾਂ ਤੇ 'ਥਾਈਲੈਂਡ' ਰਖਣ ਦਾ ਐਲਾਨ ਕੀਤਾ ਸੀ। ਇਸ ਦਾ ਕਾਰਨ ਇਹ ਸੀ ਕਿ ਸਿਆਮ ਨੇ ਜਾਪਾਨ ਦੇ—



Sri Satguru Jagjit Singh Ji eLibrary NamdhariElibrary@gmail.com

'ਏਸ਼ੀਆ ਏਸ਼ੀਆਈਆਂ ਦਾ'—ਨਾਅਰੇ ਤੋਂ ਪ੍ਰੇਰਨਾ ਲੈ ਕੇ ਸਿਆਮ ਦੀਆਂ ਸਭ ਕੌਮਾਂ ਨੂੰ ਮਿਲਾ ਕੇ ਇਕ ਵਡੇਰੇ 'ਥਾਈ ਦੇਸ' ਦੀ ਰਚਨਾ ਦਾ ਸੰਕਲਪ ਕੀਤਾ ਸੀ। ਉਸ ਵਡੇਰੇ ਥਾਈ ਦੇਸ ਵਿਚ ਹਿੰਦ-ਚੀਨੀ, ਮਲਾਇਆ ਅਤੇ ਦੱਖਣੀ ਬਰ੍ਹਮਾ ਦੇ ਕਈ ਹਿੱਸੇ, ਸਾਰਾ ਸ਼ਾਨ ਰਾਜ ਤੇ ਯੀਨਾਨ ਦੇ ਦੱਖਣੀ ਇਲਾਕੇ ਮਿਲਾਏ ਜਾਣੇ ਸਨ। ਇਸ ਸੰਕਲਪ ਨੂੰ ਅਮਲੀ ਜਾਮਾ ਪਹਿਨਾਣ ਦਾ ਮਤਲਬ ਸੀ ਸਿਆਮ, ਬਰਤਾਨੀਆ, ਫ਼ਰਾਂਸ ਤੇ ਚੀਨ ਕੋਲੋਂ ਆਪਣੇ ਇਲਾਕੇ ਖੋਹਵੇਗਾ। ਸਿਆਮ ਦੀ ਇਸ ਨਾਮ ਦੀ ਤਬਦੀਲੀ ਦੇ ਐਲਾਨ ਨੇ ਦੁਨੀਆਂ ਭਰ ਦੇ ਸਿਆਸੀ ਹਲਕਿਆਂ ਵਿਚ ਇਸ ਗੱਲ ਦਾ ਤੌਖਲਾ ਪੈਦਾ ਕਰ ਦਿਤਾ ਸੀ ਕਿ ਯੂਰਪ ਵਿਚ ਮਚ ਰਹੀ ਉਥਲ-ਪੁਥਲ ਤੋਂ ਲਾਭ ਉਠਾ ਕੇ ਸਿਆਮ ਆਪਣਾ ਰਾਜ-ਪਸਾਰਾ ਕਰਨਾ ਚਾਹੁੰਦਾ ਹੈ।

ਬਰਤਾਨੀਆਂ ਦੇ ਇੱਕੀ ਧਾਰਾਵਾਂ ਵਾਲੇ ਮੰਗ-ਪੱਤਰ ਵਿਚ ਇਕ ਮੰਗ ਇਹ ਵੀ ਸੀ ਕਿ ਸਿਆਮ ਆਪਣਾ ਨਵਾਂ ਨਾਮ 'ਥਾਈਲੈਂਡ' ਛਡ ਕੇ ਮੁੜ ਪੁਰਾਣਾ ਨਾਮ 'ਸਿਆਮ' ਹੀ ਧਾਰਨ ਕਰੇ।

ਕੁਝ ਅਦਲਾ-ਬਦਲੀ ਤੋਂ ਬਾਅਦ ਸਿਆਮ ਨੂੰ ਬਰਤਾਨੀਆਂ ਦੀਆਂ ਸ਼ਰਤਾ ਮੰਨਣੀਆਂ ਪਈਆਂ ਅਤੇ ਇੰਜ ਸਿਆਮ ਅਸਿਧੇ ਤੌਰ ਤੇ ਬਰਤਾਨੀਆਂ ਤੇ ਅਮਰੀਕਾ ਦੇ ਸ਼ਕੰਜੇ ਵਿਚ ਕੱਸਿਆ ਗਿਆ।

ਅਮਰੀਕਾ ਵਿਰੁਧ ਸਿਆਮ ਵਲੋਂ ਜੰਗ ਦੇ ਐਲਾਨ ਦੇ ਬਾਵਜੂਦ ਨਾ ਸਿਆਮ ਨੇ ਅਮਰੀਕਾ ਵਿਰੁਧ ਲੜਾਈ ਲੜੀ ਸੀ ਅਤੇ ਨਾ ਹੀ ਅਮਰੀਕਾ ਨੇ ਸਿਆਮ ਨੂੰ ਆਪਣੇ ਬੰਬਾਂ ਦਾ ਨਿਸ਼ਾਨਾ ਬਣਾਇਆ ਸੀ। ਸਿਆਮ ਦੇ ਗਵਾਂਢੀ ਦੇਸਾਂ ਉਪਰ ਬਰਤਾਨੀਆ ਦਾ ਕਬਜ਼ਾ ਹੋਣ ਕਰਕੇ ਸਿਆਮ ਦੀ ਆਰਥਕਤਾ ਉਪਰ ਵੀ ਪਹਿਲਾਂ ਤੋਂ ਹੀ ਬਰਤਾਨੀਆਂ ਦਾ ਕਿਸੇ ਨਾਂ ਕਿਸੇ ਤਰ੍ਹਾਂ ਦਾ ਕਬਜ਼ਾ ਸੀ। ਅਮਰੀਕਾ ਅਜੇ ਉਦੋਂ ਤਕ ਸਿਧੀ ਸਾਮਰਾਜੀ ਤਾਕਤ ਦੇ ਰੂਪ ਵਿਰ ਸਾਹਮਣੇ ਨਹੀਂ ਸੀ ਆ ਰਿਹਾ, ਇਸ ਲਈ ਸਿਆਮ ਅਮਰੀਕਾ ਦੀ ਸਲਾਹ ਤੇ ਮਦਦ ਉਤੇ ਟੇਕ ਰਖਦਾ ਸੀ।

ਅਤੇ ਏਸੇ ਟੇਕ ਦੀ ਟੇਕ ਲੈ ਕੇ ਹੀ ਹੌਲੀ ਹੌਲੀ ਅਮਰੀਕਾ ਨੇ ਸਿਆਮ ਵਿਚੋਂ ਬਰਤਾਨੀਆਂ ਨੂੰ ਬੇਦਖਲ ਕਰ ਦਿਤਾ ਅਤੇ ਖੁਦ ਸਿਆਮ ਦੇ ਸਹਾਇਕ ਰੂਪ ਵਿਚ ਆਪਣਾ ਸ਼ਕੰਜਾ ਕੱਸ ਲਿਆ।

## ਚੀਨ ਦੀ ਸਮਸਿਆ

ਸਿਆਮ ਦੀ ਜਾਂ ਦੱਖਣ ਪੂਰਬੀ ਏਸ਼ੀਆਂ ਦੇ ਬਹੁਤੇ ਦੇਸ਼ਾਂ ਦੀ ਇਕ ਸਭ ਤੋਂ ਵਡੀ ਸਮਸਿਆ ਹੈ—ਚੀਨ ਦੀ ਸਮਸਿਆ। ਚੀਨ—ਲਾਲ ਚੀਨ ਹੋਵੇ ਜਾਂ ਉਸ ਤੋਂ ਪਹਿਲਾਂ ਦਾ ਪੀਲਾ ਚੀਨ। ਭਾਰਤ ਜਾਂ ਏਸ਼ੀਆ ਅਫ਼ਰੀਕਾ ਦੇ ਹੋਰ ਕਈ ਦੇਸ਼ ਚੀਨ ਬਾਰੇ ਉਸ ਤਰ੍ਹਾਂ ਦੀ ਸਮਸਿਆ ਦੀ ਕਲਪਨਾ ਦੀ ਨਹੀਂ ਕਰ ਸਕਦੇ ਜਿਸ ਦਾ ਸਾਹਮਣਾ ਦੱਖਣ ਪੂਰਬੀ ਏਸ਼ੀਆ ਦੇ ਕਈ ਦੇਸ਼ਾਂ ਨੂੰ ਚਿਰਾਂ ਤੋਂ ਕਰਨਾ ਪੈ ਰਿਹਾ ਹੈ। ਉਹ ਸਮਸਿਆ ਹੈ ਇਕ ਤਾਂ ਦੱਖਣ ਪੂਰਬੀ ਏਸ਼ੀਆ ਦੇ ਬਹੁਤੇ ਦੇਸ਼ਾਂ ਦੀ 'ਨਸਲ' ਦਾ 'ਮੰਗੋਲੀਅਨ' ਹੋਣਾ ਅਤੇ ਦੂਜਾ ਚੀਨ ਦੀ ਅਥਾਹ ਆਦਮ ਗਿਣਤੀ। ਚੀਨੀ ਸ਼ਕਲ ਸੂਰਤ ਅਤੇ ਬਹੁਤ ਸਾਰੀਆਂ ਗੱਲਾਂ ਵਿਚ ਪੂਰੇ ਦੱਖਣ ਪੂਰਬੀ ਏਸ਼ੀਆ ਉਪਰ ਆਪਣਾ ਪ੍ਰਭਾਵ ਰਖਦੇ ਹਨ ਤੇ ਇਸ ਪ੍ਰਭਾਵ ਦਾ ਸਿੱਧਾ ਪ੍ਰਗਟਾਵਾ ਹੁੰਦਾ ਹੈ ਚੀਨੀਆਂ ਦਾ ਵਡੇਰੀ ਗਿਣਤੀ ਵਿਚ ਇਨ੍ਹਾਂ ਸਭਨਾਂ ਦੇਸ਼ਾਂ ਵਿਚ ਫੈਲ ਕੇ ਵੱਸ ਜਾਣ ਕਰਕੇ। ਸਿਆਮ ਵਿਚ ਵੀ ਚੀਨੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਹ ਗਿਣਤੀ ਇਸ ਸਦੀ ਦੇ ਤੀਜੇ ਦਹਾਕੇ ਤਕ ਲਗਾਤਾਰ ਵਧਦੀ ਰਹੀ ਸੀ। ਸਿਆਮ ਦੀ ਸਰਕਾਰ ਨੇ ਓਨਾ ਚਿਰ ਚੀਨੀਆਂ ਦੇ ਸਿਆਮ-ਪਰਵੇਸ਼ ਬਾਰੇ ਕੋਈ ਚਿੰਤਾ ਨਹੀਂ ਸੀ ਕੀਤੀ, ਜਿੰਨਾ ਚਿਰ ਕੇਵਲ ਮਰਦ ਚੀਨੇ ਹੀ ਸਿਆਮ ਵਿਚ ਆਉਂਦੇ ਰਹੇ ਸਨ। ਪਰ ਜਦੋਂ ਚੀਨੀ ਔਰਤਾਂ ਵੀ ਭਾਰੀ ਗਿਣਤੀ ਵਿਚ ਆਉਣੀਆਂ ਸ਼ੁਰੂ ਹੋ ਗਈਆਂ ਤੇ ਚੀਨੀ ਮਰਦਾਂ-ਔਰਤਾਂ ਦੇ ਸੰਜੋਗ ਨਾਲ ਸਿਆਮ ਦੀ ਆਬਾਦੀ ਵਿਚ ਚੀਨੀਆਂ ਦੀ ਗਿਣਤੀ ਡਰੈਗਨ ਦੀਆਂ ਆਂਦਰਾਂ ਵਾਂਗ ਹੀ ਵਧਣ ਲੱਗੀ ਤਾਂ ਸਿਆਮ ਦੀ ਸਰਕਾਰ ਨੇ ਚੀਨੀਆਂ ਦੇ ਸਿਆਮ-ਪਰਵੇਸ਼ ਉਪਰ ਪਾਬੰਦੀ ਲਗਾ ਦਿਤੀ। ੧੯੩੭ ਵਿਚ ਹੋਏ ਇਕ ਸਮਝੌਤੇ ਅਨੁਸਾਰ ਸਿਆਮ ਨੇ ਹੋਰ ਸਭਨਾਂ ਦੇਸ਼ਾਂ ਤੇ ਜਾਤੀਆਂ ਨਾਲ ਦੋਸਤਾਨਾ ਸੰਬੰਧ ਬਨਾਉਣ ਦਾ ਇਕਰਾਰ ਕੀਤਾ ਸੀ, ਪਰ ਇਕ ਚੀਨ ਨਾਲ ਇਹੋ ਜਿਹੇ ਸੰਬੰਧਾਂ ਤੋਂ ਇਨਕਾਰ ਕਰ ਦਿਤਾ। (ਚਲਦਾ)

---

● ਜਿਸ ਗੱਲ ਤੇ ਮੈਨੂੰ ਇਸ ਦੇਸ਼ (ਅਮਰੀਕਾ) ਵਿਚ ਵਧੇਰੇ ਦੁੱਖ ਹੁੰਦਾ ਹੈ, ਉਹ ਇਹ ਹੈ ਕਿ ਇਥੋਂ ਦੇ ਲੋਕ ਆਪਣੀ ਅਪ੍ਰਸੰਨਤਾ ਨੂੰ ਮਹਿਸੂਸਦੇ ਹੀ ਨਹੀਂ। ਉਹਨਾਂ ਨੂੰ ਉਵੇਂ ਹੀ ਮਾਣ ਹੈ ਜਿਹਾ ਕਿ ਇਕ ਥਲ ਨੂੰ ਆਪਣੀ ਚਮਕਦੀ ਰੇਤ 'ਤੇ। —ਟੈਗੋਰ



Sri Satguru Jagjit Singh Ji eLibrary NamdhariElibrary@gmail.com

# 'ਰੂਹਾਂ ਦੇ ਰੂਬਰੂ'* ਦਾ ਪਾਠ ਕਰਦਿਆਂ

—ਵਰਿਆਮ ਸਿੰਘ ਸੰਧੂ

ਅਨੂਪ ਵਿਰਕ ਦੀ ਪੰਜਾਬੀ ਸ਼ਾਇਰ ਦੇ ਰੂਪ ਵਿਚ ਚੰਗੀ ਪਛਾਣ ਬਣ ਚੁੱਕੀ ਹੈ। ਉਹ ਮਹਿੰਦਰਾ ਕਾਲਜ ਪਟਿਆਲਾ ਵਿਚ ਪੰਜਾਬੀ ਦਾ ਪ੍ਰਾਅਧਿਆਪਕ ਹੈ। ਯਾਰਾਂ ਦਾ ਯਾਰ ਹੈ। ਮਹਿਫਲਾਂ ਦੀ ਜਾਨ ਹੈ। ਉਸ ਦੇ ਹੱਥ ਗੱਲ ਦੀ ਤੰਦ ਆ ਜਾਵੇ ਸਹੀ, ਫਿਰ ਉਹ ਸਰੋਤਿਆਂ ਨੂੰ ਉਸ ਵਿਚ ਅਜੇਹਾ ਵਲਦਾ ਹੈ ਕਿ ਉਹ ਅਨੂਪ ਦੀ ਹਿੱਕ ਨਾਲ ਘੁੱਟੇ ਹੋਏ ਉਹਦੇ ਦਿਲ ਦਾ ਮੋਹ ਤੇ ਨਿੱਘ ਮਾਣਦੇ ਹਨ। ਛੋਟੀਆਂ ਮਹਿਫਲਾਂ ਵਿਚ ਗੱਲ ਸੁਨਾਉਣ ਦੀ ਤੇ ਬੜਾ ਡੂੰਘਾ ਪ੍ਰਭਾਵ ਪਾਉਣ ਦੀ ਕਲਾ ਦਾ ਉਹ ਮਾਹਿਰ ਹੈ। ਜਦੋਂ ਉਹ ਬੋਲ ਰਿਹਾ ਹੁੰਦਾ ਹੈ, ਉਹਦੇ ਸੱਜੇ ਹੱਥ ਦਾ ਪੰਜਾ ਖੁਲ੍ਹਾ ਹੁੰਦਾ ਹੈ—ਉਂਗਲਾਂ ਵਿਸ਼ੇਸ਼ ਅੰਦਾਜ਼ ਵਿਚ ਹਿੱਲ ਰਹੀਆਂ ਹੁੰਦੀਆਂ ਹਨ। ਅੱਖਾਂ 'ਤੇ ਨਜ਼ਰ ਦੀ ਐਨਕ ਤੇ ਬੁਲ੍ਹਾਂ 'ਤੇ ਮਾਸੂਮ ਮੁਸਕਰਾਹਟ, ਸਰੋਤੇ ਕੀਲੇ ਹੋਏ ਉਸ ਵੱਲ ਵੇਖ ਰਹੇ ਹੁੰਦੇ ਹਨ ਤੇ ਪਲ ਪਲ ਪਿਛੋਂ ਉਚੇ ਠਹਾਕੇ ਗੂੰਜਦੇ ਹਨ। ਹਾਸਾ ਕਪਾਹ ਦੇ ਫੁੱਟਾਂ ਵਾਂਗ ਖਿਲਰ ਜਾਂਦਾ ਹੈ। ਆਪਣੇ ਸਰੋਤਿਆਂ 'ਤੇ ਅਜੇਹੀ ਪਕੜ ਵਿਰਲੇ ਲੋਕਾਂ ਵਿਚ ਹੁੰਦੀ ਹੈ। ਗੁਰਬਚਨ ਸਿੰਘ ਭੁੱਲਰ ਅਜਿਹਾ ਲੇਖਕ ਮਿਤਰ ਹੈ ਜਿਸਦੀ ਮਹਿਫਲ ਵਿਚ ਹਾਜ਼ਰੀ ਮਹਿਫਲ ਵਿਚ ਰੰਗ ਭਰ ਦਿੰਦੀ ਹੈ। ਉਹਦੀ ਗੈਰ-ਹਾਜ਼ਰੀ ਵਿਚ ਉਹਦੀਆਂ ਕੀਤੀਆਂ ਗੱਲਾਂ ਦੀਆਂ ਉਗਾਲੀਆਂ ਕਰਕੇ ਸਵਾਦ ਲਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਅਨੂਪ ਵਿਰਕ ਹੈ। ਉਹਦੀ ਹਾਜ਼ਰੀ ਮਹਿਫਲ 'ਚ ਖੇੜਾ ਭਰਦੀ ਹੈ ਤੇ ਗੈਰ ਹਾਜ਼ਰੀ ਵਿਚ ਉਹਦੀਆਂ ਗੱਲਾਂ ਤੇ ਉਹਦੇ ਯਾਰ-ਬੇਲੀ ਮਜ਼ੇ ਲੈਂਦੇ ਹਨ। ਬੜੀ ਜਾਨਦਾਰ ਰੂਹ ਹੈ ਅਨੂਪ ਵਿਰਕ। ਉਹਦੇ ਬੋਲਾਂ ਦਾ ਵਿਰਕੀ ਲਹਿਜਾ' ਖੋਏ ਦੀ ਸ਼ੁਧ ਬਰਫੀ ਉਪਰ ਚਾਂਦੀ ਦੇ ਵਰਕ ਵਾਂਗ ਲਗਦਾ ਹੈ।

ਵਿਰਕ ਨੇ ਜਿਥੇ ਕਮਾਲ ਦੀ ਸ਼ਾਇਰੀ ਲਿਖੀ ਹੈ, ਉਥੇ ਉਸ ਨੇ ਬੜੇ ਹੀ ਕਲਾਮਈ ਲੋਕ-ਚਿੱਤਰ ਲਿਖੇ ਹਨ। ਅਜਿਹੇ ਚਿੱਤਰ ਕਵਿਤਾ ਵਿਚ ਜੋਗਾ ਸਿੰਘ ਨੇ ਲਿਖੇ ਸਨ ਤੇ ਉਹ ਉਸਦੀ ਕਵਿਤਾ ਦੀ ਵੱਖਰੀ ਤੇ ਵਿਲੱਖਣ ਪਛਾਣ ਬਣੇ ਸਨ। ਪਰ ਅਨੂਪ ਵਿਰਕ ਦੇ "ਰੂਹਾਂ ਦੇ ਰੂਬਰੂ" ਵਾਰਤਕ ਵਿਚ ਲਿਖੇ ਲੋਕ-ਚਿਤਰ ਪਤਾ ਨਹੀਂ ਕਿਉਂ ਪੰਜਾਬੀ ਪਾਠਕਾਂ ਦੀਆਂ ਨਜ਼ਰਾਂ ਵਿਚ ਨਹੀਂ ਚੜ੍ਹ ਸਕੇ। ਮੈਂ ਇਹਨਾਂ ਨੂੰ ਪੜ੍ਹਿਆ ਤਾਂ ਵਿਰਕ ਦੀ ਵਾਰਤਕ ਕਲਾ ਨੇ ਮੈਨੂੰ ਮੋਹ ਲਿਆ।

ਇਹਨਾਂ ਲੋਕ-ਚਿਤਰਾਂ ਵਿਚ ਸਾਧਾਰਨ ਵਿਅਕਤੀਆਂ ਵਿਚਲੀ ਸਾਧਾਰਨਤਾ ਦੇ ਨਾਲ ਅਸਾਧਾਰਨਤਾ ਦੇ ਦੀਦਾਰ ਵੀ ਹੁੰਦੇ ਹਨ। ਇਹਨਾਂ ਪਾਤਰਾਂ ਨੂੰ ਬਿਆਨ ਕਰਦਿਆਂ ਅਨੂਪ ਨੇ ਉਹਨਾਂ ਦੀਆਂ ਕਮਜ਼ੋਰੀਆ ਤੇ ਵਡਿਆਈਆਂ ਨੂੰ ਚਿਤਰਕੇ 'ਮੁਕੰਮਲ ਇਨਸਾਨ' ਦੇ ਰੂਪ ਵਿਚ ਪੇਸ਼ ਕਰਨ ਦਾ ਕਮਾਲ ਹਾਸਲ ਕੀਤਾ ਹੈ। ਉਹ ਪਾਤਰਾਂ ਦੇ ਸੁਭਾਅ ਤੇ ਜੀਵਨ ਦੇ ਖਿਲਰੇ-ਪੁਲਰੇ ਸੁਨਹਿਰੀ ਕਿਣਕੇ ਵਿਖਾਉਂਦਾ ਕਿਸੇ ਰੂਪਕ ਬੰਧੇਜ ਤੋਂ ਭਾਵੇਂ ਮੁਕਤ ਹੈ, ਪਰ ਫਿਰ ਵੀ ਕਿਧਰੇ ਕਿਧਰੇ ਇਹ ਚਿਤਰ ਕਹਾਣੀ ਵਰਗੀ ਗੋਲਾਈ ਵੀ ਹਾਸਲ ਕਰ ਗਏ ਹਨ। 'ਚਾਚੇ ਸ਼ਿੰਗਾਰੇ' ਵਲੋਂ ਰਾਵੀ ਵਿਚ ਛਾਲ ਮਾਰਨਾ ਤੇ ਬਾਬਾ ਵਿਰਸਾ ਸਿੰਘ ਵਲੋਂ ਅੱਤਵਾਦੀ ਦੇ ਰੂਪ ਵਿਚ ਬੱਸ ਵਿਚ ਹਮਲਾਵਰ ਬਣਕੇ ਲੁੱਟਣ ਆ ਪਏ ਆਪਣੇ ਹੀ ਜਵਾਈ ਨੂੰ ਗੋਲੀ ਮਾਰ ਦੇਣੀ ਅਜਿਹੀ ਕਲਾਤਮਕ ਕਾਰੀਗਰੀ ਦੀ ਉਦਾਹਰਣ ਹੈ ਜੋ ਇਹਨਾਂ ਨੂੰ ਕਹਾਣੀ ਬਣਾ ਗਈ ਹੈ, ਪਰ ਫਿਰ ਵੀ ਕਹਾਣੀ ਤੋਂ ਵੱਖਰੇ ਇਹ ਆਪਣੇ ਆਪ ਵਿਚ ਮੁਕੰਮਲ ਨਵੀਂ ਰੂਪ ਵਿਚ ਵਿਧਾ ਦੇ ਆਗਾਜ਼ ਦੀ ਟੋਹ ਵੀ ਦਿੰਦੇ ਹਨ।

ਸਾਡੇ ਪੁਰਾਣੇ ਪੰਜਾਬ ਦੇ ਅਜਿਹੇ ਜਾਨਦਾਰ ਚਰਿੱਤਰ, ਜਿਨ੍ਹਾਂ ਨੂੰ ਅਸੀਂ ਕਦੀ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਮਿਲੇ ਸਾਂ। ਅਨੂਪ ਵਿਰਕ ਦੇ ਇਹਨਾਂ ਲੋਕ-ਚਿਤਰਾਂ ਵਿਚ ਦੋਬਾਰਾ ਸਾਡੇ ਸਨਮੁਖ ਹੋਏ ਹਨ—ਆਪਣੇ ਮੌਲਿਕ ਅਤੇ ਵਿਲੱਖਣ ਅੰਦਾਜ਼ ਵਿਚ, ਇਸ ਮੌਲਿਕਤਾ ਵਿਚ 'ਵਿਰਕ ਟੱਪੇ' ਦੀ ਜੀਵਨ-ਸ਼ੈਲੀ, ਬੋਲਾਂ, ਰੁਚੀਆਂ, ਵਿਹਾਰਾਂ ਤੇ ਕਿਰਦਾਰਾਂ ਨੂੰ ਉਘੜਵੇਂ ਰੂਪ ਵਿਚ ਪੇਸ਼ ਕਰਨ ਲਈ ਅਨੂਪ ਵਧਾਈ ਦਾ ਹੱਕਦਾਰ ਹੈ।

ਇਹਨਾਂ ਵਿਚੋਂ ਇਕ ਚਿਤਰ "ਚਾਚਾ ਸ਼ਿੰਗਾਰਾ" 'ਵਰਿਆਮ' ਦੇ ਪਾਠਕਾਂ ਦੇ ਸਨਮੁਖ ਹੈ। ਪਾਠਕ ਵੇਖਣਗੇ ਇਸ ਪਾਤਰ ਦੇ ਸੁਭਾਅ ਦੀ ਵਿਵਸਥਾ, ਉਸ ਰਾਹੀਂ ਪੇਸ਼ ਵਿਅੰਗ ਤੇ ਤ੍ਰਾਸਦੀ ਦਾ ਸੰਗਮ ਕਿਵੇਂ ਰੂਹ ਨੂੰ ਖੇੜ ਵੀ ਜਾਂਦਾ ਹੈ ਤੇ ਰੁਆ ਵੀ ਦਿੰਦਾ ਹੈ। ਅਨੂਪ ਵਿਰਕ ਤੋਂ ਅਸੀਂ ਅਜਿਹੇ ਹੋਰ ਲੋਕ-ਚਿਤਰ ਲਿਖਦੇ ਰਹਿਣ ਦੀ ਮੰਗ ਕਰਦੇ ਹਾਂ।

---

*ਪ੍ਰਕਾਸ਼ਕ : ਲੋਕਾਇਤ ਪ੍ਰਕਾਸ਼ਨ, ੫੭-੫੯,
ਸੈਕਟਰ ੧੭-ਸੀ ਚੰਡੀਗੜ੍ਹ ੧੬੦੦੧੭
ਮੂਲ : ੨੫ ਰੁਪਏ (ਪੇਪਰ ਬੈਕ ੧੨ ਰੁਪਏ)



Sri Satguru Jagjit Singh Ji eLibrary NamdhariElibrary@gmail.com

# ਚਾਚਾ ਸ਼ਿੰਗਾਰਾ

—ਅਨੂਪ ਵਿਰਕ

ਚਾਚੇ ਸ਼ਿੰਗਾਰੇ ਦੀ ਗੱਲ ਕਰਦਿਆਂ ਮੈਨੂੰ ਇੰਝ ਲੱਗਣ ਲੱਗ ਪੈਂਦਾ ਜਿਵੇਂ ਰਹਿਰਾਸ ਦਾ ਪਾਠ ਕਰਦਿਆਂ ਕਿਤੇ ਕੋਈ ਅੱਖਰ ਵੱਧ ਘੱਟ ਕਹਿ ਬੈਠਾ ਤਾਂ ਪੁੰਨ ਦੀ ਥਾਂ ਪਾਪਾਂ ਦਾ ਹੀ ਭਾਗੀ ਨਾ ਬਣ ਜਾਵਾਂ। ਉਹਦੀਆਂ ਯਾਦਾਂ ਦੇ ਬੋਹਲ ਤੋਂ ਮੈਂ ਸਾਰੀ ਉਮਰ ਝੋਲੀਆਂ ਭਰ ਭਰ ਸ਼ਬਦਾਂ ਦੀ ਹੱਟੀ ਤੇ ਸੁੱਟੀ ਜਾਵਾਂ, ਉਹਨੇ ਕਦੇ ਘਟਣਾ ਨਹੀਂ। ਖੌਰੇ ਉਹ ਕੇਹੜੀ ਮਿੱਟੀ ਦਾ ਬਣਿਆ ਸੀ ਕਿ ਉਹਦੇ ਲੱਖ ਐਬਾਂ ਚੋਂ ਵੀ ਹਾੜ ਵਿਚ ਪਏ ਮੀਂਹ ਨਾਲ ਭਿੱਜੀ ਧਰਤੀ ਵਰਗੀ ਮਹਿਕ ਆਉਂਦੀ। ਮੇਰੇ ਚੇਤੇ ਦੀ ਉਮਰ ਹਾਲੇ ਦੰਦੇ ਦੰਦੀ ਸੀ ਜਦੋਂ ਉਹਨੇ ਮੈਨੂੰ ਘਨਾੜੇ ਚੁੱਕ ਕੇ ਮੇਰੇ ਭਰਾ ਦੇ ਵਿਆਹ ਤੇ ਬਾਰ ਦਾ ਝੁੰਮਰ ਪਾਉਂਦਿਆਂ ਕੋਈ ਢੋਲੇ ਵਰਗੀ ਸ਼ੈਅ ਲੰਮੀ ਹੇਕ ਵਿਚ ਗਾਈ ਸੀ ਜਿਸ ਦੀਆਂ ਦੋ ਸਤਰਾਂ ਦੇ ਭਾਵ ਦੇ ਹਿਰਨ ਹਾਲੇ ਤੀਕਰ ਮੇਰੇ ਮਨ ਦੀ ਹਰੀ ਕਚੂਰ ਭਾਵਨਾ ਨੂੰ ਚਰਦੇ ਰਹਿੰਦੇ ਨੇ।

ਮਿੱਟੀ ਵਤਨਾਂ ਦੀ ਵਾਜਾਂ ਪਈ ਊ ਮਾਰਦੀ,
ਓਏ ਬੋੜੇ ਖੂਹ ਦੇ ਪਾਣੀਆਂ।
ਪਰਦੇਸਾਂ ਦੀ ਤੇ ਠੰਢੀ ਵਾਅ ਵੀ ਹਿੱਕ ਸਾੜਦੀ,
ਓਏ ਮੁੜ ਘਰੀਂ ਆ ਜਾ ਹਾਣੀਆਂ।

ਉਸ ਦਿਨ ਉਹਨੇ ਦਾਰੂ ਨਾਲ ਗਹਿ ਗੱਚ ਹੋ ਕੇ ਚਾਂਗਰਾਂ ਮਾਰੀਆਂ ਤੇ ਹਿੰਦੁਸਤਾਨ, ਪਾਕਿਸਤਾਨ ਬਨਾਣ ਵਾਲਿਆਂ ਨੂੰ ਬੜੀਆਂ ਨੰਗੀਆਂ ਗਾਲਾਂ ਕਢੀਆਂ ਤੇ ਫਿਰ ਕਈ ਦਿਨ ਡੰਗਰਾਂ ਵਾਲੀ ਕੁੜ ਵਿਚ ਟੁੱਟੀ ਮੰਜੀ ਤੇ ਚੁੱਪਚਾਪ ਪਿਆ ਰਿਹਾ। ਸਾਰਿਆਂ ਨੇ ਲੱਖ ਤਰਲੇ ਕੀਤੇ ਪਰ ਉਹਨੇ ਨਾ ਕੁਝ ਖਾਧਾ ਨਾ ਪੀਤਾ। ਇਹੋ ਕਹੀ ਜਾਵੇ "ਮੇਰਾ ਨਹੀਂ ਜੇ ਸੌਂਕਣ ਧਰਤੀ ਤੇ ਮਨ ਭਿੱਜਦਾ ਮੇਰੇ ਟੋਟੇ ਕਰਕੇ ਰਾਵੀ ਵਿਚ ਵਹਾ ਆਉ, ਮੇਰੀ ਉਮਰਾਂ ਦੀ ਤਰੇਹ ਬੁੱਝ ਜਾਵੇਗੀ।" ਮੈਂ ਉਦੋਂ ਅੰਜਣਾ ਬਾਲ ਇਹੋ ਸੋਚਦਾ, ਚਾਚੇ ਨੂੰ ਦੁੱਖ ਕਾਹਦਾ ਏ, ਨਾ ਕਿਸੇ ਬੀ ਪਾਉਣ ਦੀ ਪ੍ਰਵਾਹ ਨਾ ਧੀ ਦੇ ਵਿਆਹੁਣ ਦਾ ਫਿਕਰ ਨਾ ਮੁੰਡੇ ਦੇ ਵਿਗੜ ਜਾਣ ਦਾ ਡਰ? ਪਰ ਅੱਜ ਸਮਝ ਆਉਂਦੀ ਏ ਕਿ ਪਰਾਈ ਧਰਤੀ ਕਿਵੇਂ ਪੈਰਾਂ ਨੂੰ ਠੂੰਹੇ ਵਾਂਗ ਡੰਗਦੀ ਰਹਿੰਦੀ ਏ।

ਚਾਚੇ ਨੂੰ ਏਧਰਲਾ ਮੁਲਕ ਉਕਾ ਹੀ ਨਾ ਭਾਉਂਦਾ। ਉਕੜੂ ਹਲ ਵਾਂਗ ਉਹ ਕਿਤੇ ਵੀ ਖੁਭ ਕੇ ਦਿਲ ਨਾ ਲਾਉਂਦਾ। ਪਹਿਲਾਂ ਪਹਿਲ ਜਦੋਂ ਮੁੰਡੇ ਹਲ ਵਾਹੁੰਦੇ, ਉਹ ਮਿੱਟੀ ਦੀ ਮੁੱਠ ਚੁੱਕ ਕੇ ਨੀਝ ਲਾ ਕੇ ਵੇਖਦਾ ਤੇ ਫਿਰ ਸੁੰਘ ਕੇ ਪਰਾਂ ਸੁੱਟਦਾ ਹੋਇਆ ਇੰਝ ਬੋਲਦਾ ਜਿਵੇਂ ਕਿਸੇ ਸਪੋਲੀਏ ਨੇ ਉਹਦੀ ਜੀਭ ਨੂੰ ਡੰਗ ਲਿਆ ਹੋਵੇ। "ਓਏ ਮੁੰਡਿਓ ਕਿਉਂ ਇਸ ਫੰਡਰ ਭੋਇੰ ਨਾਲ ਮੱਥਾ ਮਾਰਦੇ ਓ, ਇਹਦੀ ਕੁੱਖ ਚੋਂ ਕੁਝ ਨਹੀਂ ਜੇ ਉਗਣਾ। ਉਹ ਪੈਲੀ ਜਿਦੇ ਵਿਚ ਬੰਦਾ ਵੱਢ ਕੇ ਸੁਟਿਆਂ ਸਵੇਰੇ ਫਿਰ ਉੱਗ ਪੈਂਦਾ ਸੀ, ਉਹ ਏਥੇ ਕਿਥੇ, ਐਂਵੇ ਨਾ ਇਹਦੀ ਹਿੱਕ ਫਰੋਲੀ ਜਾਉ ਮਤਾਂ ਕਿਤੇ ਕੋਈ ਸੱਪ ਸਲੂੰਘੜਾ ਈ ਸੁੰਘ ਜਾਂਦਾ ਜੇ।" ਉਹਦੀ ਏਹੋ ਜਿਹੀ ਹਾਲਤ ਵੇਖ ਦੇ ਸਾਰੇ ਤਰਸ ਨਾਲ ਉਹਦੇ ਵੱਨੀ ਵੇਖਦੇ ਤੇ ਉਹ ਕਮਲਿਆ ਹਾਰ ਕਿਸੇ ਅਗਲੀ ਪੈਲੀ ਨੂੰ ਝੁਕਿਆ ਹੋਇਆ ਸੁੰਘ ਰਿਹਾ ਹੁੰਦਾ। ਫਿਰ ਉਹਨੇ ਮੁੱਲ ਦੀ ਲਿਆਂਦੀ ਵਹੁਟੀ ਵਾਂਗ ਹੌਲੀ ਹੌਲੀ ਜੀ ਲਾਉਣਾ ਸ਼ੁਰੂ ਕੀਤਾ। ਪਰ ਆਪਣੀ ਅੰਦਰਲੀ ਦੁਨੀਆਂ ਦੇ ਰੁੱਖ ਤੇ ਉਹਨੇ ਇਸ ਓਪਰੀ ਧਰਤੀ ਦੇ ਕਿਸੇ ਵੀ ਪੰਛੀ ਦਾ ਆਹਲਣਾ ਨਾ ਪੈਣ ਦਿੱਤਾ।

ਚਾਚੇ ਸ਼ਿੰਗਾਰੇ ਦਾ ਗੱਲਬਾਤ ਕਰਨ ਦਾ ਹਿਸਾਬ ਕਿਤਾਬ ਆਪਣੀ ਹੀ ਕਿਸਮ ਦਾ ਸੀ। ਉਹਦੇ ਨਾਲ ਭਾਵੇਂ ਕਿੱਡੀ ਵੀ ਨਮੋਸ਼ੀ ਦੀ ਗੱਲ ਹੋਈ ਹੋਵੇ ਉਹਨੇ ਤੁਹਾਨੂੰ ਇਸ ਲਹਿਜੇ ਨਾਲ ਸੁਨਾਉਣੀ ਏ ਕਿ ਤੁਹਾਨੂੰ ਖੁਦ ਆਪਣਾ ਆਪ ਬੌਣਾ ਜਿਹਾ ਲੱਗਣ ਲੱਗ ਪੈਣਾ। ਉਹਨੇ ਆਪਣੀ ਅਣਖ ਦਾ ਕਿੰਗਰਾ ਕਦੇ ਭੁਰਨ ਨਹੀਂ ਸੀ ਦਿੱਤਾ। ਉਹ ਇਕ ਅਜਿਹਾ ਸ਼ਹਿਨਸ਼ਾਹ ਸੀ ਜਿਹੜਾ ਜ਼ਿੰਦਗੀ ਦੀਆਂ ਸਾਰੀਆਂ ਲੜਾਈਆਂ ਹਾਰ ਕੇ ਵੀ ਪ੍ਰਭਾਵ ਜੇਤੂਆਂ ਵਰਗਾ ਹੀ ਪਾਈ ਰਖਦਾ। ਨਿਕੀਆਂ ਨਿਕੀਆਂ ਵਾਰਦਾਤਾਂ ਦਸਦਾ ਦਸਦਾ ਉਹ ਸ਼ਬਦਾਂ ਦਾ ਅਜਿਹਾ ਪਲੱਥਾ ਮਾਰਦਾ ਕਿ ਸੁਣਨ ਵਾਲਾ ਉਹਦੇ ਪੈਰਾਂ ਵਿਚ ਡਿੱਗ ਪੈਂਦਾ ਤੇ ਚਾਚਾ ਅਣਭੋਲ ਹੀ ਕਹਿ ਜਾਂਦਾ "ਗੱਲ ਤੇ ਵਿਚੋਂ ਕੋਈ ਵੱਡੀ ਨਹੀਂ ਸੀ ਪਰ ਬਣ ਹੀ ਇੰਝ ਦੀ ਗਈ।"

ਚਾਚੇ ਨੇ ਬੜੇ ਲਾਡ ਨਾਲ ਦੱਸਣਾ ਕਿ ਉਹਦਾ ਨਿੱਕੇ ਹੁੰਦੇ ਦਾ ਰੰਗ ਕੱਕਾ ਬੂਰਾ ਸੀ, ਜਿਵੇਂ ਆਟੇ ਵਿਚ ਸੰਧੂਰ ਰਲਿਆ ਹੋਵੇ। ਉਹਦੀ ਬੇਬੇ ਉਹਨੂੰ ਸਾਹਬ ਆਂਹਦੀ ਹੁੰਦੀ



Sri Satguru Jagjit Singh Ji eLibrary NamdhariElibrary@gmail.com

ਸੀ ਤੇ ਸਦਾ ਇਹੋ ਕਹਿੰਦੀ ਕਿ ਮੈਂ ਤੇ ਸ਼ਿੰਗਾਰ ਨੂੰ ਕਿਸੇ ਮੇਮ ਨਾਲ ਵਿਆਹੁਣਾ ਏ। ਉਹ ਮੱਝੀਂ ਚਾਰਦਾ ਕਿਸੇ ਅਣਡਿੱਠੀ ਮੇਮ ਨਾਲ ਹੀ ਮਨ ਮਖਾਣਿਆਂ ਵਰਗੀਆਂ ਗੱਲਾਂ ਕਰਦਾ ਰਹਿੰਦਾ। ਚਾਚੇ ਨੇ ਸਾਰੀ ਉਮਰ ਵਿਆਹ ਨਾ ਕਰਵਾਇਆ। ਜਾਂ ਇੰਝ ਕਹਿ ਲਉ ਕਿ ਹੋਇਆ ਹੀ ਨਾ। ਪਰ ਉਹਨੂੰ ਇਸ ਗੱਲ ਦਾ ਭੋਰਾ ਰੰਜ ਨਹੀਂ ਸੀ। ਤਾਏ ਹਜ਼ਾਰਾ ਸਿੰਘ ਦੇ ਧੀ ਪੁੱਤਰ ਉਹਦੇ ਜਿਗਰ ਦੇ ਟੋਟੇ ਸਨ। ਸਾਰੀ ਕਬੀਲ-ਦਾਰੀ ਦਾ ਝੰਜਟ ਚਾਚੇ ਦੇ ਗਲ ਸੀ। ਹਜ਼ਾਰਾ ਸਿੰਘ ਤੇ ਮੋਰਚਿਆਂ ਤੇ ਹੀ ਤੁਰਿਆ ਰਹਿੰਦਾ। ਜਦੋਂ ਚਾਚੇ ਨੂੰ ਪੁੱਛਣਾ ਕਿ "ਤਾਇਆ ਨਹੀਂ ਨਜ਼ਰੀਂ ਆਇਆ" ਉਹਨੇ ਸੁਭਾਵਿਕੀ ਹੀ ਕਹਿਣਾ "ਉਹ ਕਾਲੀਆਂ ਦੇ ਮੋਰਚੇ ਤੇ ਗਿਐ। ਆਂਹਦੇ ਨੇ ਸੰਤ ਮੋਰਚੇ ਤੇ ਬੈਗਏ ਜਿਵੇਂ ਕੁਕੜੀ ਸੇਵੇ ਤੇ ਬੈਠੀ ਹੋਵੇ। ਭਲਾ ਬਈ ਪੁਛੋ ਮੋਰਚਾ ਹੈ ਕਿ ਕੁਕੜੀ ਦੇ ਅੰਡੇ ਜਦੋਂ ਜੀਅ ਕੀਤਾ ਚੁਚੇ ਕੱਢ ਲਏ। ਇਹਨਾਂ ਨੂੰ ਨਹੀਂ ਸਾਰੀ ਉਮਰ ਪਤਾ ਲਗਣਾ, ਕਿ ਮੰਗਦੇ ਕੀ ਨੇ।" ਉਹਨੇ ਸੂਰਜ ਵਾਂਗ ਬਲਦੀ ਉਮਰ ਨੂੰ ਅਪਣੀ ਭਤੀਜਿਆਂ ਦੇ ਦੁੱਖਾਂ ਦਰਦਾਂ ਦੇ ਸਿਆਲ ਨੂੰ ਗਰਮਾਉਣ ਤੇ ਲਾ ਦਿਤੀ। ਜੇ ਕਿਸੇ ਨੇ ਕਹਿਣਾ "ਚਾਚਾ ਤੇਰੀ ਮੜ੍ਹੀ ਤੇ ਕਿਸੇ ਨੇ ਦੀਵਾ ਨਹੀਂ ਬਾਲਣਾ" ਤੇ ਉਹਨੇ ਹੱਸ ਕੇ ਕਹਿਣਾ "ਜੇ ਮੇਰੀ ਮੜ੍ਹੀ ਹੋਵੇਗੀ ਤੇ ਦੀਵਾ ਬਾਲੋਗੇ ਨਾ......ਮੈਂ ਤੇ ਸਾਬਤਾ-ਸਬੂਤਾ ਉਤਾਂਹ ਜਾ ਪੇਸ਼ ਹੋਣੈ ਕਿ ਲੈ ਸਾਂਭ ਜੋ ਕੁਝ ਦਿਤਾ ਸੀ, ਅਸਾਂ ਨਹੀਂ ਇਹਦੇ ਚੋਂ ਕੁਝ ਖਰਚਿਆ ਗੁਆਇਆ।"

ਚਾਚਾ ਜਦੋਂ ਜਵਾਨ ਸੀ, ਕਿਤੇ ਲਹੌਰ ਗਿਆ। ਉਥੇ ਮੇਮ ਵੇਖ ਕੇ ਉਹਨੂੰ ਆਪਣੀ ਬੇਬੇ ਦੀ ਗੱਲ ਯਾਦ ਆ ਗਈ। ਸਹੁੰ ਖਾਕੇ ਮੁੜਿਆ ਕਿ ਜੇ ਫੇਰੇ ਲੈਣੇ ਨੇ ਤੇ ਇਸ ਮੇਮ ਨਾਲ, ਨਹੀਂ ਤੇ ਇਹ ਬਾਜਰੇ ਦੀ ਰੋਟੀ ਖਾਣ ਦਾ ਕੀ ਫਾਇਦਾ। ਉਹ ਮੇਮ ਕਿਸੇ ਜੱਜ ਦੀ ਕੁੜੀ ਸੀ। ਚਾਚਾ ਆਪਣੇ ਬੇਲੀਆਂ ਨੂੰ ਲੈ ਕੇ ਉਹਨੂੰ ਚੁਕਣ ਜਾ ਪਿਆ। ਉਹ ਤੇ ਹੱਥ ਨਾ ਆਈ, ਮੁੜਦਿਆਂ ਜੱਜ ਦੀ ਘੋੜੀ ਖੋਹਲ ਲਿਆਇਆ। ਸੂਹੀਆਂ ਪੈੜ ਕੱਢ ਕੇ ਚਾਚੇ ਦੇ ਖੂਹ ਤੇ ਲੈ ਆਂਦੀ। ਘੋੜੀ ਕਮਾਦ ਵਿਚ ਬੱਝੀ ਹਿਣਕ ਪਈ। ਚਾਚੇ ਨੂੰ ਉਸ ਚੋਰੀ ਵਿਚ ਪੰਜਾਂ ਸਾਲਾਂ ਦੀ ਕੈਦ ਹੋਈ। ਮੈਂ ਇਹ ਗੱਲ ਜਦੋਂ ਚਾਚੇ ਨੂੰ ਪੁੱਛੀ ਕਹਿਣ ਲੱਗਾ, "ਗੱਲ ਤੇ ਕੁਝ ਇਸ ਤਰ੍ਹਾਂ ਹੀ ਹੋਈ ਸੀ ਅਸਲ ਵਿਚ, ਘੋੜੀ ਬੜੀ ਚੰਗੀ ਨਸਲ ਦੀ ਸੀ। ਮੈਂ ਆਖਿਆ ਆਏ ਤੇ ਹੋਏ ਆਂ, ਕੁਝ ਤੇ ਲੈ ਕੇ ਜਾਈਏ। ਖਾਲੀ ਹੱਥ ਮੁੜਿਆਂ ਪਿੰਡ ਵਾਲਿਆਂ ਵੀ ਛੇੜਾਂ ਕਰਨੀਆਂ ਨੇ ਕਿ ਆ ਗਿਆ ਸ਼ਿੰਗਾਰਾ ਮੇਮ ਨਾਲ ਗਾਨਾ ਖੇਡ ਕੇ। ਬਸ ਏਸ ਜੇਲ ਦੇ ਗੇੜ ਉਮਰ ਪੱਕੀ ਹੋ ਗਈ ਫਿਰ ਸੋਚਿਆ ਜੇ ਹੁਣ ਕਿਤੇ ਵਿਆਹ ਵੀ ਕਰਵਾ ਲਿਆ ਤਾਂ ਐਵੇਂ ਪਿਛਲੀ ਉਮਰ ਦੀ ਔਲਾਦ ਨੂੰ ਲੋਕੀ ਸ਼ੱਕ ਦੀ ਨਜ਼ਰੇ ਵੇਂਹਦੇ ਨੇ, ਕਿ ਖੌਰੇ ਆਪਣੀ ਵੀ ਸੂ ਕਿ ਨਹੀਂ। ਸੋ ਵਕਤ ਲੰਘ ਗਿਆ ਵੇਖ ਕੇ, ਮਨ ਨੂੰ ਸਮਝਾ ਲਿਆ ਕਿ ਜੇ ਮੇਮ ਹੱਥ ਲਗ ਜਾਂਦੀ ਤਾਂ ਤੇ ਸੁਰਗ ਸੀ, ਨਹੀਂ ਤੇ ਅਗਾਂਹ ਰੱਬ ਤੇ ਅਹਿਸਾਨ ਕਰਨ ਵਾਲੇ ਤੇ ਹੋਵਾਂਗੇ ਕਿ ਤੂੰ ਕਿਹੜਾ ਲਾਲ ਚੂੜੇ ਵਾਲੀ ਸਾਡੇ ਲੜ ਲਾਈ ਸੀ, ਜਿਦ੍ਹਾ ਰੋਹਬ ਦੇਣੈ", ਮੈਂ ਆਖਿਆ "ਜੇ ਚਾਚੇ ਤੈਨੂੰ ਮੇਮ ਵੀ ਮਿਲ ਜਾਂਦੀ ਫਿਰ ਉਹਨੂੰ ਕਿਥੇ ਰੱਖਦੋਂ ?" ਬੋਲਿਆ "ਰੱਖਣ ਨੂੰ ਪੁੱਤਰ ਉਹ ਕਿਹੜਾ ਕੈਂਠਾ ਸੀ ਜਿਹੜਾ ਮੈਂ ਰਾਤ ਦਿਨ ਗਲ ਪਾਈ ਫਿਰਨਾ ਸੀ। ਮੈਂ ਤੇ ਰਾਂਝਾ ਰਾਜੀ ਕਰਕੇ ਉਹਨੂੰ ਅੰਬਰਸਰ ਗੁਰਦੁਆਰੇ ਚੜ੍ਹਾ ਆਉਣਾ ਸੀ ਕਿ ਲੈ ਬਾਬਾ ਕਿਸੇ ਹੋਰ ਲੋੜਵੰਦ ਨੂੰ ਬਖਸ਼ ਦੇਈਂ ਅਸਾਂ ਕਿਹੜਾ ਇਹਨੂੰ ਗਹਿਣੇ ਰੱਖ ਕੇ ਭੋਇੰ ਛੁਡਾਣੀ ਏਂ।"

ਇਕ ਦਿਨ ਮੈਂ ਚਾਚੇ ਦੇ ਅੰਦਰੋਂ ਉਹ ਗੱਲ ਖਰੋਚੀ ਜਿਦਾ ਸਾਰੇ ਇਲਾਕੇ ਦੇ ਲੋਕ ਚਰਚਾ ਕਰਦੇ ਹੱਸ ਹੱਸ ਦੂਹਰੇ ਹੁੰਦੇ ਰਹਿੰਦੇ। ਚਾਚਾ ਦੱਸਣ ਲੱਗਾ "ਅਸੀਂ ਵੱਡੀ ਫਿੰਨ ਦਾ ਕੀਤਾ ਵਿਆਹ। ਸਾਕ ਮਿਲੇ ਬਖਤਾਵਰ। ਅਸੀਂ ਵਿਤੋਂ ਵਧ ਪੈਲੀ ਗਹਿਣੇ ਰਖਕੇ ਦਿਤਾ ਲਿਆ। ਸਾਰੀ ਬਾਰ ਵਿਚ ਕਿਸੇ ਏਡਾ ਵਿਆਹ ਹੁੰਦਾ ਨਹੀਂ ਸੀ ਵੇਖਿਆ। ਉਦੋਂ ਤੇ ਹੋ ਗਈ ਬੱਲੇ। ਮਗਰੋਂ ਆਹ ਤੇਰੇ ਭਰਾ ਲੜਨ ਕਿ ਤੁਸੀਂ ਤੇ ਸਾਡੇ ਹੱਥ ਠੂਠਾ ਫੜਾ ਦਿਤੇ। ਮੈਂ ਇਹਨਾਂ ਨੂੰ ਬਥੇਰਾ ਸਮਝਾਇਆ ਪਈ ਕੁੜੀ ਦੇ ਜਿਹੋ ਜਿਹੇ ਕਰਮ ਸੀ ਉਹ ਲੈ ਗਈ। ਆਖਣ ਨਹੀਂ ਅਸੀਂ ਬਾਰੇ ਵਿਚ ਕਿਤੇ ਮੂੰਹ ਵਿਖਾਣ ਜੋਗੇ ਨਹੀਂ। ਲੋਕੀਂ ਮੂੰਹ ਜੋੜ ਜੋੜ ਗੱਲਾਂ ਬਣਾਉਂਦੇ ਨੇ ਕਿ ਵੱਡੇ ਖੱਬੀ ਖਾਨਾਂ ਨੇ ਸਿਆੜ ਰੱਖ ਕੇ ਚੌਧਰ ਬਣਾਈ ਏ ਤੇ ਹੁਣ ਭੁੱਖ ਦੇ ਢੁੱਫੜ ਬਣੀ ਫਿਰਦੇ ਨੇ। ਮੈਂ ਅੱਕ ਕੇ ਆਖਿਆ ਜੇ ਨਹੀਂ ਜੇ ਖਲੋਂਦੇ ਤਾਂ ਚਲੋ ਲੈ ਆਉਂਦੇ ਆਂ ਦਿਤਾ ਸਮਾਨ। ਅਸੀਂ ਇਕ ਰਾਤ ਜਾ ਪਾੜ ਲਾਇਆ ਆਪਣੇ ਹੀ ਕੁੜਮਾਂ ਵਲ। ਕੁਦਰਤੀ ਉਹ ਜਾਗ ਪਏ। ਸਾਡਾ ਜਵਾਈ ਲੱਗਿਆ ਮੇਰੇ ਗੰਡਾਸਾ ਮਾਰਨ ਤੇ ਬੀਰਾ ਬੋਲ ਪਿਆ, "ਪ੍ਰਾਹੁਣਿਆ ਨਾ ਮਾਰੀਂ ਇਹ ਮਾਸੜ ਈ। ਉਹਨੇ ਗੰਡਾਸਾ ਨਾ ਮਾਰਿਆ, ਪਰ ਸਵੇਰੇ ਸਾਨੂੰ



Sri Satguru Jagjit Singh Ji eLibrary NamdhariElibrary@gmail.com

ਕਮਲੇ ਪਰੇ, ਵਿਚ ਲੈ ਗਏ। ਪਿੰਡ ਦਾ ਜ਼ੈਲਦਾਰ ਕਹਿਣ ਲਗਾ, 'ਕਿਹੜਾ ਭਈ ਭਲਾਮਾਣਸ ਜਿਹੜਾ ਆਪਣੀ ਧੀ ਦੇ ਘਰ ਈ ਭੰਨਣ ਆ ਪਿਆ।' ਮੇਰੇ ਚਿੱਟੇ ਲੱਠੇ ਦੀ ਖੜਖੜ ਕਰਦੀ ਚਾਦਰ ਬੰਨ੍ਹੀ ਹੋਈ, ਕਲੀਆਂ ਵਾਲਾ ਦੁਧ ਧੋਤਾ ਝੱਗਾ, ਸਿਰ ਤੇ ਮਾਇਆ ਲੱਗੀ ਸ਼ਮਲੇ ਵਾਲੀ ਪੱਗ, ਹੱਥ ਵਿਚ ਕੋਕਿਆਂ ਵਾਲਾ ਖੂੰਡਾ—ਜਦੋਂ ਮੈਂ ਉਠ ਕੇ ਖਲੋਤਾ ਧਰਮ ਨਾਲ ਸਾਰਾ ਪਿੰਡ ਪਾਣੀ ਪਾਣੀਓਂ ਹੋ ਗਿਆ। ਤੇ ਉਤਾਂਹ ਸਾਡੇ ਵਲ ਕੋਈ ਅੱਖ ਹੀ ਨਾ ਚੁੱਕੇ। ਤੇ ਅਸੀਂ ਆਪਣੇ ਪਿੰਡ ਪਰਤਕੇ ਸ਼ੁਕਰ ਕੀਤਾ ਕਿ ਬਹੁਤਾ ਨਹੀਂ ਵਿਗਾੜ ਪਿਆ, ਬਚਾਅ ਰਹਿ ਗਿਆ ਏ। ਚਾਚਾ ਇਹ ਗੱਲ ਸੁਣਾਂਦਿਆਂ ਹੋਇਆਂ ਆਪਣੀ ਨਮੋਸ਼ੀ ਦੀ ਨਦੀ 'ਚੋਂ ਮੁਰਗਾਬੀ ਵਾਂਗ ਬਿਨਾਂ ਭਿੱਜੇ ਲੰਘ ਗਿਆ।

ਇਕ ਵਾਰ ਚਾਚਾ ਆੜ੍ਹਤੀਏ ਤੋਂ ਪੈਸੇ ਲੈਣ ਗਿਆ। ਚੇਤਰ ਦਾ ਮਹੀਨਾ ਤੇਹਰਵਾਂ ਗਿਣਿਆ ਜਾਂਦੇ ਪੈਸੇ ਦੀ ਤੰਗੀ ਖੁਣੋਂ। ਚਾਚੇ ਨੇ ਸ਼ਾਹ ਤੋਂ ਪੰਜ ਹਜ਼ਾਰ ਕਢਵਾ ਲਿਆ। ਸ਼ਾਹ ਕਹਿਣ ਲਗਾ, "ਸ਼ਿੰਗਾਰਾ ਸਿੰਘ, ਵੇਖ ਪੈਸੇ ਤੇ ਲੈ ਜਾ, ਪਰ ਆਪਣੀ ਬਣੀ ਹੋਈ ਵਿਗੜੇ ਨਾ, ਪੈਸਾ ਬੜੇ ਸਬੰਧ ਖਰਾਬ ਕਰ ਦਿੰਦਾ ਏ।" ਫਤੂਹੀ ਦੇ ਬੋਝੇ ਵਿਚ ਪੈਸੇ ਪਾਉਂਦਿਆਂ ਚਾਚਾ ਬੋਲਿਆ, "ਸ਼ਾਹ ਜੀ ਮੇਰੇ ਵਲੋਂ ਤੇ ਨਹੀਂ ਵਿਗੜਨੀ, ਜਦੋਂ ਵਿਗੜਨੀ ਏ ਤੁਸਾਂ ਪਹਿਲ ਕਰਨੀ ਏ।" ਸ਼ਾਹ ਹੈਰਾਨ ਹੋਇਆ ਕਹਿੰਦਾ—ਕਿਸ ਤਰ੍ਹਾਂ? ਚਾਚਾ ਆਖਣ ਲੱਗਾ, "ਵੇਖੋ ਮੈਂ ਤੇ ਹੁਣ ਤੁਹਾਡੀ ਹੱਟੀ ਤੇ ਪੈਰ ਨਹੀਂ ਪਾਉਣਾ, ਤੁਸੀਂ ਪਿੰਡ ਗੇੜੇ ਮਾਰਨੇ ਨੇ। ਮੈਂ ਤੇ ਜੇ ਆਖੋ ਤੁਹਾਡੇ ਮੱਥੇ ਨਹੀਂ ਲਗਦਾ। ਗਰਮ-ਸਰਦ ਤੇ ਤੁਸੀਂ ਹੋਣਾ ਏ, ਮੈਂ ਤੇ ਕਿਸੇ ਗੱਲ ਦੀ ਕਲਾਮ ਨਹੀਂ ਕਰਦਾ ਤੁਹਾਡੇ ਨਾਲ।" ਸ਼ਾਹ ਨੂੰ ਇਹ ਸੁਣ ਕੇ ਹੱਸਦਿਆਂ ਉੱਥੂ ਆ ਗਿਆ।

ਮੈਂ ਪਟਿਆਲੇ ਕਾਲਜ ਵਿਚ ਪੜ੍ਹਦਾ ਸਾਂ। ਇਕ ਦਿਨ ਵੇਖਿਆ ਚਾਚੇ ਦੇ ਦੋਵੀਂ ਹੱਥੀ ਦੋ ਪੀਪੀਆਂ ਫੜੀਆਂ ਹੋਈਆਂ ਤੁਰਿਆ ਆਵੇ। ਪਹਿਲਾਂ ਉਹ ਸਿੱਧਾ ਪ੍ਰਿੰਸੀਪਲ ਦੇ ਦਫਤਰ ਗਿਆ। ਸਾਸਰੀਕਾਲ ਬੁਲਾ ਕੇ ਪ੍ਰਿੰਸੀਪਲ ਦੇ ਪੈਰਾਂ ਕੋਲ ਪੀਪੀ ਧਰਦਾ ਹੋਇਆ ਬੋਲਿਆ "ਮੋਤੀਆਂ ਵਾਲਿਉ ਸਾਡਾ ਛੋਹਰ ਚਾਰ ਹਰਫ ਸਿੱਧੇ ਪਾਉਣ ਲਈ ਤੁਹਾਡੇ ਕੋਲ ਆਇਆ, ਮੇਰੇ ਕੋਲ ਤੁਹਾਡੀ ਬੜੀ ਸਿਫਤ ਕਰਦੇ। ਆਂਹਦਾ ਹੁੰਦੇ 'ਮਾਪਿਆਂ ਨਾਲੋਂ ਵੀ ਵੱਧ ਪਿਆਰ ਕਰਦੇ ਨੇ ਸਾਡੇ ਗੁਰੂ। ਮੈਂ ਸੋਚਿਆ ਨਾਲੇ ਤੁਹਾਡੇ ਦਰਸ਼ਨ ਦੀਦਾਰ ਹੋ ਜਾਣਗੇ। ਚਾਰ ਕੁ ਸੇਰ ਤੋਕੜ ਮੱਝ ਦਾ ਘਿਉ ਜੋੜਿਆ ਸੀ ਨਾਲੇ ਉਹਦਾ ਤੁਹਾਡੇ ਚਰਨੀ ਮੱਥਾ ਟੇਕ ਆਵਾਂਗਾ ਨਾਲੇ ਅਰਜ ਕਰ ਆਵਾਂਗਾ ਕਿ ਇਹਦਾ ਧਿਆਨ ਰੱਖਿਓ, ਪੜ੍ਹ ਲਿਖ ਕੇ ਕਿਤੇ ਅਫਸਰ ਬਣ ਜਾਵੇ ਸਾਡੀ ਕੁੱਲ ਸੌਰ ਜਾਏ। ਅਸੀਂ ਤਾਂ ਹੁਣ ਤੀਕਰ ਜੇਹਲਾਂ ਨੂੰ ਹੀ ਘਰ ਬਣਾਈ ਰਖਿਐ," ਪ੍ਰਿੰਸੀਪਲ ਨੇ ਉਹਦੀ ਸ਼ਰਧਾ ਵੇਖ ਕੇ ਘਿਉ ਰਖ ਲਿਆ ਪਰ ਗੱਲ ਉਲਟ ਹੋ ਗਈ। ਚਾਚਾ ਦਾਰੂ ਵਾਲੀ ਪੀਪੀ ਜਿਹੜੀ ਮੇਰੇ ਯਾਰਾਂ ਦੋਸਤਾਂ ਲਈ ਲਿਆਇਆ ਸੀ, ਉਹ ਗਲਤੀ ਨਾਲ ਪ੍ਰਿੰਸੀਪਲ ਨੂੰ ਦੇ ਆਇਆ ਤੇ ਘਿਉ ਵਾਲੀ ਸਾਡੇ ਕੋਲ ਆਣ ਧਰੀ। ਸਵੇਰੇ ਹੋਸਟਲ ਵਿਚ ਹੀ ਮੈਨੂੰ ਬੁਲਾਵਾ ਆ ਗਿਆ। ਮੈਂ ਡਰਦਾ ਮਾਰਾ ਪ੍ਰਿੰਸੀਪਲ ਸਾਹਿਬ ਕੋਲ ਗਿਆ। ਮੈਂ ਸੋਚ ਲਿਆ ਕਿ ਹੁਣ ਕਾਲਜ ਤੋਂ ਤੇ ਛੁੱਟੀ ਕਿਸੇ ਨੇ ਨਹੀਂ ਬਖਸ਼ਣੀ। ਪਰ ਪ੍ਰਿੰਸੀਪਲ ਨੇ ਉਪਰੀ ਜਿਹੀ ਝਾੜ ਪਾਉਂਦਿਆਂ ਮੈਨੂੰ ਤਾੜਨਾ ਕੀਤੀ ਕਿ ਚਾਚੇ ਨੂੰ ਆਖੀਂ ਤੇਰਾ ਛੇਤੀ ਪਤਾ ਲੈਂਦਾ ਰਿਹਾ ਕਰੇ, ਨਹੀਂ ਤੇ ਹੋਸਟਲ ਵਿਚ ਰਹਿੰਦੇ ਮੁੰਡੇ ਵਿਗੜ ਜਾਂਦੇ ਨੇ। ਮੈਂ ਚਾਚੇ ਨੂੰ ਦਸਿਆ ਕਿ ਮੈਨੂੰ ਇੰਝ ਆਖਿਆ ਸੂ। ਹੱਸ ਕੇ ਕਹਿਣ ਲੱਗਾ "ਲੱਗ ਤੇ ਮੈਨੂੰ ਮੁਕਾਲਾ ਹੀ ਗਿਆ ਸੀ ਪਰ ਜਦੋਂ ਉਹਨੇ ਛਿਟ ਕੁ ਚੱਖੀ ਹੋਵੇਗੀ, ਅੱਖਾਂ ਵਿਚ ਸੁਰਗ ਉਤਰ ਆਇਆ ਹੋਸੂਗਾ। ਇਹੋ ਜਿਹੀ ਆਬੇ-ਹਯਾਤ ਦਾ ਤਾਂ ਰੱਬ ਵੀ ਮੰਗ ਕੇ ਹਾੜਾ ਪੀਂਦੈ। ਰੂਹ ਦਾ ਮਾਖਿਉਂ ਏ ਇਹ ਦਾਰੂ। ਹਾਰੀ ਸਾਰੀ ਨਹੀਂ ਬਣਾ ਸਕਦਾ। ਹੋਸਟਲ ਤੋਂ ਤਿਆਰ ਹੋ ਕੇ ਜਦੋਂ ਬਾਹਰ ਨਿਕਲੇ ਤਾਂ ਅੱਗੋਂ ਵਛੇਰੀ ਵਰਗੀ ਕੁੜੀ ਤੁਰੀ ਆਵੇ। ਚਾਚੇ ਮੈਨੂੰ ਸੈਨਤ ਨਾਲ ਉਸ ਸਰੋਂ ਦੀ ਗੰਦਲ ਬਾਰੇ ਪੁੱਛਿਆ। ਮੈਂ ਦਸਿਆ ਇਹ ਡੀ. ਸੀ. ਦੀ ਕੁੜੀ ਏ ਮੇਰੇ ਨਾਲ ਪੜ੍ਹਦੀ ਏ। ਚਾਚਾ ਪਲ ਕੁ ਸੋਚ ਕੇ ਬੋਲਿਆ "ਵਾਹ ਲੈ ਵਤਰ ਜੇ ਵਗਦਾ ਈ ਨਾਲੇ ਕੋਈ ਕੰਮ ਈ ਲਵਾਂਗੇ ਡੀ. ਸੀ. ਕੋਲੋਂ।" ਮੈਂ ਹੱਸ ਪਿਆ "ਚਾਚਾ ਸਾਡੇ ਜਿਹੇ ਪਜਾਮੇ ਪਾਉਣ ਵਾਲਿਆਂ ਜੱਟ ਬੂਟਾਂ ਨਾਲ ਇਹ ਅਫਸਰਾਂ ਦੀਆਂ ਕੁੜੀਆਂ ਗੱਲਾਂ ਨਹੀਂ ਕਰਦੀਆਂ। ਇਹ ਤੇ ਸੂਟਾਂ ਬੂਟਾਂ ਵਾਲਿਆਂ ਨਾਲ ਗਿੱਟ ਮਿੱਟ ਕਰਦੀਆਂ ਨੇ। ਚਾਚਾ ਮੈਨੂੰ ਸਿੱਧਾ ਬਜ਼ਾਰ ਲੈ ਗਿਆ। ਗਰਮ ਸੂਟ ਪੈਰਾਂ ਲਈ ਤਸਮਿਆਂ ਵਾਲੇ ਸੋਹਣੇ ਬੂਟ ਤੇ ਹੋਰ ਕਿੰਨਾ ਹੀ ਸ਼ਕੀਨੀ ਲਾਣ ਵਾਲਾ ਨਿੱਕ ਸੁੱਕ ਸਮਾਨ ਲੈ ਦਿਤਾ, ਕੁਝ ਯਾਦ ਕਰਕੇ ਮੈਂ ਆਖਿਆ



Sri Satguru Jagjit Singh Ji eLibrary NamdhariElibrary@gmail.com

"ਚਾਚਾ ਮੇਰੇ ਕੱਛੇ ਵੀ ਪਾਟੇ ਨੇ, ਲੱਗਦੇ ਹੱਥ ਦੋ ਉਹ ਵੀ ਲੈ ਦੇ। ਮੈਨੂੰ ਝਿੜਕ ਕੇ ਬੋਲਿਆ ਬਥੇਰਾ ਕੁਝ ਲੈ ਲਿਆ ਈ ਹੁਣ ਰੋਟੀ ਦੀ ਬੁਰਕੀ ਖੁਆ। ਮੈਂ ਪਿੰਡ ਜਾ ਕੇ ਡੰਗਰਾਂ ਦੇ ਪੱਠੇ—ਦੱਥੇ ਦਾ ਵੀ ਕੁਝ ਕਰਨੈ।" ਮੈਂ ਹੈਰਾਨ ਕਿ ਪੰਜ ਸੌ ਦਾ ਸਮਾਨ ਲੈ ਕੇ ਦੇਣ ਵਾਲਾ ਚਾਚਾ ਪੰਜਾਂ ਰੁਪਈਆਂ ਤੇ ਡੋਲ ਗਿਆ। ਸੋ ਫਿਰ ਹੌਂਸਲਾ ਕਰਕੇ ਆਖਿਆ "ਚਾਚਾ ਲੈ ਦੇ ਦੋ ਕੱਛੇ।" ਘੂਰੀ ਵੱਟਕੇ ਬੋਲਿਆ "ਤੁਰਿਆ ਚਲ, ਕਰ ਦਿਆਂਗਾ ਮੈਂ ਉਹ ਇੰਤਜਾਮ ਵੀ।" ਮੈਂ ਡੌਰ ਭੌਰ ਕਿ ਇਹ ਕਿੱਥੋਂ ਇੰਤਜਾਮ ਕਰੇਗਾ। ਮੈਂ ਫਿਰ ਤਰਲਾ ਕੀਤਾ, ਕਹਿੰਦਾ "ਤੂੰ ਤੇ ਸ਼ਦਾਈ ਜੰਮਿਆ ਏਂ ਵਿਰਕਾਂ ਦੇ ਘਰ, ਕੋਈ ਸਰਫਾ ਤੇ ਤੈਨੂੰ ਕਰਨਾ ਆਉਂਦਾ ਹੀ ਨਹੀਂ। ਹੋਟਲ ਜਿੱਥੇ ਤੂੰ ਰਹਿੰਦਾ ਏਂ ਉਥੇ ਮੈਂ ਸਵੇਰੇ ਵੇਖਿਆ ਸੀ ਤਣੀ ਤੇ ਕਈ ਕੱਛੀਆਂ ਜਿਹੀਆਂ ਲਟਕਦੀਆਂ ਸਨ। ਉਥੋਂ ਦੋ ਖਿਸਕਾ ਕੇ ਦੇ ਦਿਆਂਗਾ। ਕੋਈ ਪਤਾ ਲੱਗਦਾ ਏ।" ਮੇਰਾ ਹਾਸਾ ਨਿਕਲ ਗਿਆ। ਮੈਂ ਕਿਹਾ ਚਾਚਾ ਮੰਨ ਗਏ ਤੇਰੇ ਹਿਸਾਬੀ ਹੋਣ ਨੂੰ। ਪੰਜ ਰੁਪਏ ਬਚਾ ਕੇ ਤੂੰ ਕਿੱਲਾ ਪੈਲੀ ਖਰੀਦ ਲਏਂਗਾ।" ਭੋਲੇ ਭਾਅ ਬੋਲਿਆ "ਜਿੱਥੇ ਏਧਰੋਂ ਸਰਦਾ ਹੋਵੇ ਉਥੇ ਜ਼ਰੂਰ ਆਪਣਾ ਬੋਝਾ ਹੌਲਾ ਕਰਨਾ ਏ।" ਵਿਰਕਾਂ ਦੀ ਚੋਰੀ ਵਾਲੀ ਆਦਤ ਬਾਰੇ ਚਾਚਾ ਇਹ ਕਹਿੰਦਾ "ਵਿਰਕ ਭਾਵੇਂ ਲੱਖ ਪਾਤਸ਼ਾਹ ਹੋਣ, ਚੰਗੀ ਘੋੜੀ, ਮੱਝ ਵੇਖ ਕੇ ਉਹਨਾਂ ਦਾ ਮਨ ਡੋਲ ਜਾਂਦਾ ਏ। ਚੰਗੀ ਚੀਜ਼ ਦੂਜੇ ਕੋਲ ਉਹ ਜਰ ਹੀ ਨਹੀਂ ਸਕਦੇ, ਇਹ ਕੋਈ ਉਹਨਾਂ ਦੀ ਹਵਸ ਨਹੀਂ ਸੁਭਾਅ ਏ।"

ਇਹ ਉਦੋਂ ਦੀ ਗੱਲ ਏ ਜਦੋਂ ਜਨਤਾ ਸਰਕਾਰ ਬਣੀ ਸੀ। ਚਾਚੇ ਨੇ ਇੰਜਣ ਲਈ ਕਰਜ਼ਾ ਲਿਆ। ਕਿਸ਼ਤ ਵੇਲੇ ਸਿਰ ਨਾ ਮੋੜਨ ਕਰਕੇ ਬੈਂਕ ਵਾਲੇ ਫੜ ਕੇ ਲੈ ਗਏ। ਮੈਂ ਜਿੱਦਣ ਪਿੰਡ ਗਿਆ ਮੈਨੂੰ ਘਰਦਿਆਂ ਨੇ ਦਸਿਆ ਕਿ ਚਾਚੇ ਨੂੰ ਕਰਜ਼ੇ ਵਾਲੇ ਲੈ ਗਏ ਸਨ। ਪੂਰੀ ਰਕਮ ਤਾਰ ਕੇ ਉਹਨੂੰ ਛੁਡਾ ਕੇ ਲਿਆਂਦਾ ਏ। ਚਾਚਾ ਖੂਹ ਤੇ ਬੈਠਾ ਸਨੂਕੜਾ ਕੱਢਦਾ ਸੀ। ਮੈਂ ਗੋਡੀਂ ਹੱਥ ਲਾਉਣ ਤੋਂ ਬਾਅਦ ਜਦੋਂ ਇਹ ਗੱਲ ਪੁਛੀ ਤਾਂ ਹੱਸ ਪਿਆ। ਖੰਗੂਰਾ ਮਾਰ ਕੇ ਬੋਲਿਆ, "ਆਹੋ ਇਕ ਦਿਨ ਆਏ ਸਨ ਡੀ. ਸੀ. ਦੇ ਬੰਦੇ...ਅਖੇ ਤੈਨੂੰ ਸੱਦਿਐ ਕਿ ਕੋਈ ਸਲਾਹ ਬਾਤ ਕਰਨੀ ਏ। ਪਹਿਲਾਂ ਤੇ ਮੈਂ ਨਾਂਹ-ਨੁੱਕਰ ਕੀਤੀ, ਜਦੋਂ ਜਿਆਦਾ ਖਹਿੜੇ ਪੈ ਗਏ ਮੈਂ ਲਗਾ ਗਿਆ। ਡੀ. ਸੀ. ਕਹਿਣ ਲਗਾ, ਚਾਚਾ ਸਰਕਾਰ ਹੋ ਗਈ ਆ ਪੈਸੇ ਵਲੋਂ ਕਮਜ਼ੋਰ......ਜਿਵੇਂ ਕਿਵੇਂ ਇਹਦੀ ਇਮਦਾਦ ਕਰ। ਸਾਥੋਂ ਤੇ ਹੁਣ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਨਹੀਓਂ ਦਿਤੀਆਂ ਜਾਣੀਆਂ। ਤੂੰ ਸਿਆਣਾ ਏਂ ਕੋਈ ਜੁਗਤ ਦੱਸ।" ਮੈਂ ਪੁਛਿਆ ਲੱਭਿਆ ਈ ਕੋਈ ਢੰਗ? "ਪੁੱਤਰ ਢੰਗ ਲੱਭਣਾ ਸੀ ਸੁਆਹ ਤੇ ਖੇਹ। ਪਹਿਲਾਂ ਆਂਹਦੇ ਨੇ ਟੂਵਲ ਲੁਆਓ, ਉਪਜ ਵਧਾਓ। ਫਿਰ ਜੱਟਾਂ ਦੇ ਮਗਰ ਕਮਾਦਾਂ ਵਿਚ ਉਗਰਾਹੀ ਲਈ ਭੱਜੇ ਫਿਰਦੇ ਨੇ। ਮੇਰੇ ਤੇ ਹਿਸਾਬ ਵਿਚ ਇਹੋ ਗੱਲ ਆਈ ਕਿ ਇਹ ਮੂਤਰ ਪੀਣਿਆਂ ਦੀ ਸਰਕਾਰ ਬਹੁਤਾ ਚਿਰ ਨਹੀਂ ਉ ਚੱਲਣੀ।"

ਅਜ਼ਾਦੀ ਲਈ ਕੈਦ ਹੋਏ ਲੋਕਾਂ ਲਈ ਪੈਨਸ਼ਨ ਲਾਉਣ ਦੀ ਗੱਲ ਟੁਰੀ। ਚਾਚਾ ਸ਼ੰਗਾਰਾ ਸਿੰਘ ਨੇ ਕਾਗਜ਼ ਭਰ ਦਿਤੇ। ਸ਼ਹੀਦ ਭਗਤ ਸਿੰਘ ਦੇ ਭਰਾ ਕੁਲਤਾਰ ਸਿੰਘ ਨੇ ਪੁਛਗਿੱਛ ਕਰਨੀ ਸੀ। ਜਦੋਂ ਚਾਚੇ ਦੀ ਵਾਰੀ ਆਈ ਤਾਂ ਉਹਨੇ ਪੁਛਿਆ, "ਬਾਪੂ ਜੀ, ਤੁਸੀਂ ਕਦੋਂ ਜੇਹਲ ਕੱਟੀ ਸੀ?" ਚਾਚੇ ਨੇ ਹੋਰ ਪਾਸੇ ਗੱਲ ਤੋਰ ਲਈ—"ਮੈਂ ਕੋਈ ਪਿਨਸ਼ਨ ਲੈਣ ਨਹੀਂ ਆਇਆ। ਮੈਂ ਤੇ ਤੇਰੇ 'ਚੋਂ ਉਸ ਸੂਰਮੇ ਦੇ ਦਰਸ਼ਨ ਕਰਨ ਆਇਆਂ, ਜਿਨੂੰ ਵੇਖਿਆਂ ਭੁਖ ਲਹਿੰਦੀ ਸੀ। ਉਧਰ ਚਾਰ ਮੁਰੱਬੇ ਵਸਦੇ ਰਸਦੇ ਛੱਡ ਆਏ ਹਾਂ, ਤੁਹਾਡੀ ਇਸ ਪਿਨਸ਼ਨ ਨੇ ਕੋਈ ਮਹਿਲ ਤੇ ਪਾ ਨਹੀਂ ਦੇਣੇ ਸਭ ਨੂੰ......ਉਹ ਦਾਤਾ ਦੇਣ ਵਾਲਾ ਏ, ਬੰਦੇ ਦੇ ਹੱਥੋਂ ਦੁਆ ਕੇ ਤੇ ਉਹਨੂੰ ਉਹਨੇ ਵਡਿਆਈ ਦੇਣੀ ਹੁੰਦੀ ਏ। ਉਹ ਉਪਰ ਵਾਲੇ ਦਾ ਜਿਵੇਂ ਜੀ ਕਰੇ ਉਹਨੂੰ ਜੱਸ ਦੇਵੇ, ਅਸੀਂ ਤੁਸੀਂ ਕਿਦੇ ਪਾਣੀਹਾਰ ਹਾਂ।" ਚਾਚੇ ਨੂੰ ਉਹਨੇ ਕੁਝ ਹੋਰ ਪੁਛੇ ਬਿਨਾਂ ਪਿਨਸ਼ਨ ਲਾ ਦਿਤੀ। ਸਾਰੇ ਹੱਸਣ ਕਿ ਘੋੜੀ ਖੋਲ੍ਹਣ ਦੇ ਜੁਰਮ ਵਿਚ ਕੈਦ ਹੋਇਆ ਚਾਚਾ ਪਿਨਸ਼ਨੀਆ ਬਣ ਗਿਆ।

ਚਾਚੇ ਨੂੰ ਪਤਾ ਲਗਿਆ ਕਿ ਉਧਰਲੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਥੇ ਨੂੰ ਖੁਲ੍ਹ ਮਿਲੀ ਏ। ਉਹਨੇ ਝੱਟ ਆਪਣਾ ਨਾਂ ਪਤਾ ਅੰਬਰਸਰ ਜਾ ਲਿਖਾਇਆ। ਪਾਕਿਸਤਾਨ ਜਾਣ ਲਗਿਆਂ ਉਹ ਸਾਰਿਆਂ ਦੇ ਗਲ ਲਗ ਕੇ ਮਿਲਿਆ। ਉਹਦੀਆਂ ਅੱਖਾਂ 'ਚੋਂ ਸਾਉਣ ਦੀ ਝੜੀ ਵਾਂਗ ਅੱਥਰੂ ਤਰਪਕਦੇ ਸੀ। ਮੈਂ ਆਖਿਆ "ਚਾਚਾ ਇੰਝ ਲਗਦੇ ਜਿਵੇਂ ਲਾਮ ਤੇ ਚੱਲਿਆ ਹੋਵੇਂ। ਔਹ ਦਸਾਂ ਦਿਨਾਂ ਨੂੰ ਤੂੰ ਫਿਰ ਮੁੜ ਆਉਣੈ, ਐਡੀ ਦਿਲ ਨੂੰ ਲਾਉਣ ਵਾਲੀ ਕੇਹੜੀ ਗੱਲ ਏ।" ਕਹਿੰਦਾ, "ਪੁਤਰ ਆਪਣੇ ਵਤਨ ਚੱਲਿਆਂ, ਖੌਰੇ



Sri Satguru Jagjit Singh Ji eLibrary NamdhariElibrary@gmail.com

ਉਹ ਹੋਰ ਆਪਣੇ ਕੋਲ ਹੀ ਰਖ ਲਏ, ਮੈਨੂੰ ਤੇ ਅੱਜ ਏਨਾ ਚਾਅ ਏ ਕਿ ਜਿਵੇਂ ਕੋਈ ਭੈਣ ਆਪਣੇ ਭਰਾ ਦੇ ਪਲੇਠੀ ਦੇ ਛੋਹਰ ਦੇ ਧਮਾਨ ਤੇ ਚੱਲੀ ਹੋਵੇ।"

ਜਥੇ ਵਾਲੇ ਦੱਸਦੇ ਉਹ ਜਿੰਨਾ ਚਿਰ ਉਧਰ ਰਿਹਾ ਅੰਞਾਣਿਆਂ ਵਾਂਗ ਕਦੇ ਖੁਸ਼ ਕਦੇ ਭੁੱਬਾਂ ਮਾਰਕੇ ਰੋ ਪਵੇ, ਕਦੀ ਭੁੰਜੇ ਲੇਟਣੀਆਂ ਲੈਣ ਲਗ ਜਾਂਦਾ। ਜੇ ਕਿਸੇ ਨੇ ਡੱਕਣਾ ਕਿ ਕੱਪੜੇ ਖਰਾਬ ਹੁੰਦੇ ਨੇ ਉਹਨੇ ਝਈ ਲੈ ਕੇ ਪੈਣਾ—"ਇਹ ਮਿੱਟੀ ਤੇ ਸੁੱਚੀ ਏ, ਇਹ ਤਨ ਮਨ ਦੀ ਮੈਲ ਲਾਹ ਦੇਂਦੀ ਏ..... ਤੁਹਾਨੂੰ ਕੀ ਪਤੈ ਇਹਦੀ ਤਾਸੀਰ ਦਾ।" ਵਾਪਸ ਆਉਂਦਿਆਂ ਨਾਲ ਵਾਲੇ ਦੱਸਦੇ ਨੇ ਉਹ ਨਨਕਾਣਿਓਂ ਹੀ ਗੱਡੀ ਦੀ ਬਾਰੀ ਵਿਚ ਖਲੋ ਗਿਆ। ਅਸਾਂ ਬੜਾ ਜ਼ੋਰ ਲਾਇਆ ਕਿ ਵਡੇਰਾ ਸਰੀਰ ਏ ਅੰਦਰ ਰਮਾਨ ਨਾਲ ਬਹੁ, ਪਰ ਮੰਨਿਆ ਨਾ। ਰਾਵੀ ਆਈ ਉਹਨੇ ਗੱਡੀ 'ਚੋਂ ਅਛੋਪਲੇ ਛਾਲ ਮਾਰ ਦਿਤੀ। ਸਾਰੇ ਹਫੜਾ-ਦਫੜੀ ਮਚ ਗਈ। ਉਹਦੀ ਸੀਟ ਤੇ ਉਹਦਾ ਝੋਲਾ ਪਿਆ ਸੀ। ਫਰੋਲਕੇ ਵੇਖਿਆ ਨਨਕਾਣਾ ਸਾਹਿਬ ਤੋਂ ਮਿਲਿਆ ਪ੍ਰਸ਼ਾਦ ਤੇ ਮੁੱਠ ਕੁ ਮਿੱਟੀ ਉਹਦੇ ਪਰਨੇ ਲੜ ਬੱਝੀ ਸੀ!

((o))

---

ਜਿੰਨਾ ਵੱਡਾ ਵਿਸ਼ਵਾਸ਼ ਹੈ, ਤੁਸੀਂ ਉਨੇ ਹੀ ਜਵਾਨ ਹੋ
ਜਿੰਨਾ ਜ਼ਿਆਦਾ ਤੁਹਾਡਾ ਸ਼ੱਕ ਹੈ, ਤੁਸੀਂ ਉਨੇ ਹੀ ਬੁੱਢੇ ਹੋ
ਜਿੰਨਾ ਵਧ ਤੁਹਾਡਾ ਸਵੈ ਭਰੋਸਾ ਹੈ, ਉਨੇ ਹੀ ਤੁਸੀਂ ਜਵਾਨ ਹੋ
ਜਿੰਨਾ ਤੁਹਾਡਾ ਡਰ ਹੈ, ਤੁਸੀਂ ਉਨੇ ਹੀ ਬੁੱਢੇ ਹੋ
ਜਿੰਨੀ ਵੱਡੀ ਤੁਹਾਡੀ ਆਸ਼ਾ ਹੈ, ਤੁਸੀਂ ਉਨੇ ਹੀ ਜੁਆਨ ਹੋ
ਜਿੰਨੀ ਵੱਡੀ ਤੁਹਾਡੀ ਨਿਰਾਸਤਾ ਹੈ, ਤੁਸੀਂ ਉਨੇ ਹੀ ਬੁੱਢੇ ਹੋ

—ਸੈਮੂਅਲ ਉਲਮਾਨ

---


ਫ਼ੋਨ ਨੰਬਰ
(01871) 43641

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

## ਹਰ ਸਾਈਜ਼ ਦੇ ਖਰਾਦ, ਰੰਦੇ ਅਤੇ ਡਰਿਲ ਮਸ਼ੀਨਾਂ

ਬਨਾਉਣ ਵਾਲੇ

# ਨਾਮਧਾਰੀ ਗਰੁਪ ਆਫ਼ ਇੰਡਸਟਰੀਜ਼

# ਬਟਾਲਾ

(ਪ੍ਰ. ਸੂਬਾ ਅਜੀਤ ਸਿੰਘ ਨਾਮਧਾਰੀ)

- *ਨਾਮਧਾਰੀ ਇੰਜੀਨਰਿੰਗ ਵਰਕਸ*
- *ਨਿਊ ਨਾਮਧਾਰੀ ਫਾਊਂਡਰੀ*
- *ਨਾਮਧਾਰੀ ਇੰਟਰਪ੍ਰਾਈਜਿਜ਼*
- *ਨਾਮਧਾਰੀ ਕਾਸਟਿੰਗ ਉਦਯੋਗ*

## ਕਾਹਨੂੰਵਾਨ ਰੋਡ, ਬਟਾਲਾ (ਪੰਜਾਬ)





Sri Satguru Jagjit Singh Ji eLibrary NamdhariElibrary@gmail.com

ਮਹਾਂ-ਭਾਰਤ ਚੋਂ

# ਅਸ਼ਟਾਵਕ੍ਰ

ਮਹਾਂਰਿਸ਼ੀ ਓਦਾਲਕ ਵੇਦਾਂਤ ਦਾ ਪ੍ਰਚਾਰ ਕਰਨ ਵਾਲੇ ਮਹਾਤਮਾਵਾਂ ਵਿਚੋਂ ਸਰੇਸ਼ਠ ਮੰਨੇ ਜਾਂਦੇ ਸਨ । ਉਹਨਾਂ ਦੇ ਸਿਖਾਂ ਵਿਚੋਂ ਕੋਹੜ ਵੀ ਇਕ ਸਨ । ਕੋਹੜ ਗੁਰੂ ਦੀ ਬਹੁਤ ਟਹਿਲ ਸੇਵਾ ਕਰਕੇ ਅਤੇ ਬਹੁਤ ਸੰਜਮੀ ਸਨ ਪਰ ਲਿਖਣ ਪੜ੍ਹਣ ਵਿਚ ਤੇਜ ਨਹੀਂ ਸਨ ਇਸੇ ਕਾਰਨ ਓਦਾਲਕ ਦੇ ਦੂਸਰੇ ਸਿਖ ਕੋਹੜ ਦਾ ਹਾਸਾ ਉਡਾਉਂਦੇ । ਫਿਰ ਵੀ ਉਦਾਲਕ ਨੇ ਕੋਹੜ ਦੇ ਸੀਲ ਸੁਭਾਅ ਅਤੇ ਸੰਜਮ ਤੋਂ ਖੁਸ਼ ਹੋ ਕੇ ਆਪਣੀ ਕੰਨਿਆਂ ਸੁਜਾਤਾ ਉਹਨਾਂ ਨੂੰ ਵਿਆਹ ਦਿਤੀ ।

ਕੋਹੜ ਤੋਂ ਸੁਜਾਤਾ ਨੂੰ ਇਕ ਪੁਤਰ ਹੋਇਆ । ਕਹਿੰਦੇ ਹਨ ਕਿ ਜਦੋਂ ਉਹ ਗਰਭ ਵਿਚ ਸੀ ਉਦੋਂ ਹੀ ਉਹਨੂੰ ਸਾਰੇ ਵੇਦ ਆਉਂਦੇ ਸਨ । ਪਰ ਪਿਤਾ ਕੋਹੜ ਤਾਂ ਵਿਦਵਾਨ ਨਹੀਂ ਸਨ । ਵੇਦ ਮੰਤਰਾਂ ਦਾ ਨਾ ਤਾਂ ਠੀਕ ਠੀਕ ਉਚਾਰਨ ਕਰ ਸਕਦੇ ਸਨ ਨਾ ਹੀ ਸੁਰ ਨਾਲ ਗਾ ਸਕਦੇ ਸਨ । ਇਸ ਕਾਰਨ ਉਹਨਾਂ ਦਾ ਗਲਤ-ਮਲਤ ਵੇਦ ਪਾਠ ਗਰਭ ਵਿਚਲੇ ਬਾਲਕ ਵਾਸਤੇ ਅਸਹਿ ਹੋ ਉਠਿਆਂ ਅਤੇ ਉਹ ਉਥੇ ਟੇਢਾ ਮੇਢਾ ਹੋ ਗਿਆ । ਟੇਢੇ ਮੇਢੇ ਸਰੀਰ ਕਰਕੇ ਉਸ ਦਾ ਨਾਮ ਅਸ਼ਟਾਵਕ੍ਰ ਪੈ ਗਿਆ । ਅਠਵਲਾਂ ਵਾਲਾ ।

ਅਸ਼ਟਾਵਕ੍ਰ ਨੇ ਬਾਲਪਨ ਵਿਚ ਹੀ ਬਹੁਤ ਵਿਦਵਤਾ ਦਾ ਪਰੀਚੈ ਦਿਤਾ । ਜਦੋਂ ਉਹ ਬਾਰਾਂ ਸਾਲਾਂ ਦੇ ਸਨ ਤਦੋਂ ਹੀ ਉਹ ਵੇਦਾਂਗਾਂ ਦਾ ਅਧਿਅਨ ਪੂਰਾ ਕਰ ਚੁਕੇ ਸਨ ।

ਇਕ ਵਾਰ ਅਸ਼ਟਾਵਕ੍ਰ ਨੇ ਸੁਣਿਆ ਕਿ ਮਿਥਲਾ ਵਿਚ ਰਾਜਾ ਜਨਕ ਇਕ ਭਾਰੀ ਜੱਗ ਕਰ ਰਹੇ ਸਨ, ਜਿਸ ਵਿਚ ਵੱਡੇ ਵੱਡੇ ਪੰਡਤਾਂ ਦਾ ਸ਼ਾਸਤਾਰਥ ਹੋਣ ਵਾਲਾ ਹੈ। ਇਹ ਸੁਣ ਕੇ ਅਸ਼ਟਾਵਕ੍ਰ ਤੁਰੰਤ ਆਪਣੇ ਭਾਣਜੇ ਸ਼ੇਤਕੇਤੂ ਨੂੰ ਵੀ ਨਾਲ ਲੈ ਕੇ ਯੱਗ ਵਾਸਤੇ ਚਲ ਪਏ ।

ਮਿਥਲਾ ਨਗਰੀ ਵਿਚ ਪਹੁੰਚ ਕੇ ਉਹ ਯਗਸ਼ਾਲਾ ਵਲ ਜਾ ਰਹੇ ਸਨ ਕਿ ਸੜਕ ਤੇ ਰਾਜਾ ਜਨਕ ਪਰਿਵਾਰ ਨਾਲ ਜਾਂਦੇ ਹੋਏ ਦਿਖਾਈ ਦਿਤੇ । ਰਾਜਾ ਸੇਵਕ ਅਗੇ ਅਗੇ ਕਹਿੰਦੇ ਜਾ ਰਹੇ ਸਨ ।

"ਰਾਜਾ ਧਿਰਾਜ ਜਨਕ ਆ ਰਹੇ ਹਨ । ਹੱਟ ਜਾਓ ਰਸਤਾ ਦਿਓ, ਰਸਤਾ ਦਿਓ ।"

ਅਸ਼ਟਾਵਕ੍ਰ ਨੂੰ ਜਦ ਨੌਕਰਾਂ ਨੇ ਰਸਤੇ 'ਚੋਂ ਹਟਣ ਵਾਸਤੇ ਕਿਹਾ ਤਾਂ ਉਹਨਾਂ ਉੱਤਰ ਦਿਤਾ :

"ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਅੰਨ੍ਹੇ, ਅਪਾਹਜ, ਔਰਤਾਂ ਅਤੇ ਭਾਰ ਉਠਾਣ ਵਾਲੇ ਜਦੋਂ ਆ ਰਹੇ ਹੋਣ ਤਾਂ ਖੁਦ ਰਾਜਾ ਨੂੰ ਉਹਨਾਂ ਵਾਸਤੇ ਰਸਤਾ ਦੇਣਾ ਚਾਹੀਦਾ ਹੈ । ਅਤੇ ਜੇ ਵੇਦ ਪੜ੍ਹੇ ਹੋਏ ਬ੍ਰਾਹਮਣ ਜਾ ਰਹੇ ਹੋਣ ਤਾਂ ਰਾਜਾ ਉਹਨਾਂ ਨੂੰ ਰਸਤੇ ਵਿਚੋਂ ਹਟਣ ਦੇ ਵਾਸਤੇ ਨਹੀਂ ਕਹਿ ਸਕਦਾ । ਸਮਝੇ ?"

ਬਾਲਕ ਦੀਆਂ ਗੰਭੀਰ ਗੱਲਾਂ ਸੁਣ ਕੇ ਰਾਜਰਿਸ਼ੀ ਜਨਕ ਹੈਰਾਨ ਰਹਿ ਗਏ । ਉਹ ਬੋਲੇ, "ਬ੍ਰਾਹਮਣ ਪੁੱਤਰ ਠੀਕ ਕਹਿੰਦੇ ਹਨ । ਅੱਗ ਦੇ ਅੱਗੇ ਛੋਟੇ ਵਡੇ ਦਾ ਫਰਕ ਨਹੀਂ ਹੁੰਦਾ । ਅੱਗ ਦੀ ਜ਼ਰਾ ਜਿੰਨੀ ਚਿੰਗਾਰੀ ਵੀ ਸਾਰੇ ਜੰਗਲ ਨੂੰ ਫੂਕ ਸਕਦੀ ਹੈ। ਇਸ ਵਾਸਤੇ ਹਟ ਜਾਓ । ਬ੍ਰਾਹਮਣ ਪੁੱਤਰ ਨੂੰ ਰਸਤਾ ਦਿਓ ।" ਇਹ ਕਹਿਕੇ ਰਾਜਾ ਜਨਕ ਨੇ ਆਪਣੇ ਪਰਿਵਾਰ ਸਹਿਤ ਹਟਕੇ ਅਸ਼ਟਾਵਕ੍ਰ ਨੂੰ ਰਸਤਾ ਦੇ ਦਿਤਾ ।

ਅਸ਼ਟਾਵਕ੍ਰ ਅਤੇ ਸ਼ਵੇਤਕੇਤੂ ਯਗਸ਼ਾਲਾ ਵਿਚ ਪ੍ਰਵੇਸ਼ ਕਰਨ ਲੱਗੇ ।

"ਏਥੇ ਬਾਲਕਾਂ ਦਾ ਕੀ ਕੰਮ ਹੈ ? ਵੇਦ ਪੜ੍ਹੇ ਹੋਏ ਲੋਕ ਹੀ ਇਸ ਯੱਗਸ਼ਾਲਾ ਵਿਚ ਜਾ ਸਕਦੇ ਹਨ ।" ਦਵਾਰ-ਪਾਲ ਨੇ ਇਹ ਕਹਿਕੇ ਬਾਲਕਾਂ ਨੂੰ ਰੋਕਿਆ । ਅਸ਼ਟਾਵਕ੍ਰ ਨੇ ਉੱਤਰ ਦਿੱਤਾ, "ਅਸੀਂ ਨਿਆਣੇ ਨਹੀਂ ਹਾਂ। ਦੀਖਿਆ ਲੈ ਕੇ ਵੇਦ ਸਿਖ ਚੁਕੇ ਹਾਂ । ਜੋ ਵੇਦਾਂਤ ਦਾ ਗਿਆਨ ਪ੍ਰਾਪਤ ਕਰ ਚੁਕੇ ਹੋਣ ਉਹਨਾਂ ਦੀ ਆਯੂ ਜਾਂ ਬਾਹਰੀ ਸ਼ਕਲ ਸੂਰਤ ਵੇਖ ਕੇ ਕੋਈ ਉਹਨਾਂ ਨੂੰ ਬਾਲਕ ਨਹੀਂ ਗਿਣ ਸਕਦਾ ।" ਇਹ ਕਹਿਕੇ ਅਸ਼ਟਾਵਕ੍ਰ ਯੱਗਸ਼ਾਲਾ ਵਿਚ ਜਾਣ ਲਗਾ ।

ਦਵਾਰਪਾਲ ਨੇ ਡਾਂਟ ਕੇ ਕਿਹਾ, "ਠਹਿਰੋ ! ਅਜੇ ਤੁਸੀਂ ਬੱਚੇ ਹੋ...ਆਪਣੇ ਮੂੰਹ ਵੱਡੇ ਨਾ ਬਣੋ । ਉਪਨਿਸ਼ਦਾਂ ਦਾ ਗਿਆਨ ਅਤੇ ਵੇਦਾਂਤ ਦੇ ਤੱਤ ਜਾਨਣਾ ਐਸਾ ਵੈਸਾ ਕੰਮ ਨਹੀਂ । ਤੁਸਾਂ ਇਹਨੂੰ ਬੱਚਿਆਂ ਦੀ ਖੇਡ ਸਮਝ ਰਖਿਆ ਹੈ ?"

ਅਸ਼ਟਾਵਕ੍ਰ ਨੇ ਕਿਹਾ, "ਦੇਖੋ ਭਰਾਵੋ ! ਸੇਮਰ ਦੇ ਫਲ ਵਾਂਗ ਉਪਰ ਤੋਂ ਮੋਟਾ ਤਾਜ਼ਾ ਅਤੇ ਅੰਦਰ ਹਲਕੇ ਰੂੰ ਨਾਲ ਭਰਿਆ ਹੋਣਾ ਕਿਸ ਕੰਮ ਦਾ । ਸਰੀਰ ਦੀ ਬਨਾਵਟ



Sri Satguru Jagjit Singh Ji eLibrary NamdhariElibrary@gmail.com

ਤੋਂ ਕੱਦ ਅਤੇ ਗਿਆਨ ਦਾ ਅੰਦਾਜ਼ਾ ਨਹੀਂ ਕੀਤਾ ਜਾਂਦਾ। ਵੱਡਾ ਉਹ ਨਹੀਂ ਜਿਹੜਾ ਕੱਦ ਦਾ ਲੰਮਾ ਹੋਵੇ। ਲੰਮਾ ਕੱਦ ਦਾ ਨਾ ਹੋਣ ਤੇ ਵੀ ਜੇ ਕਿਸੇ ਵਿਚ ਗਿਆਨ ਹੋਵੇ ਤਾਂ ਸ਼ਾਸਤਰਾਂ ਵਿਚ ਉਸਨੂੰ ਵੱਡਾ ਮੰਨਿਆ ਗਿਆ ਹੈ। ਜਿਸ ਵਿਚ ਗਿਆਨ ਦਾ ਅਭਾਵ ਹੈ ਉਹ ਉਮਰ ਦਾ ਭਾਵੇਂ ਬੁੱਢਾ ਹੀ ਕਿਉਂ ਨਾ ਹੋਵੇ, ਬਾਲਕ ਹੀ ਸਮਝਿਆ ਜਾਂਦਾ ਹੈ। ਇਸ ਵਾਸਤੇ ਬਾਲਕ ਮੰਨ ਕੇ ਮੈਨੂੰ ਨਾ ਰੋਕੋ।"

ਦਵਾਰਪਾਲ ਨੇ ਫਿਰ ਕਿਹਾ, "ਤੁਸੀਂ ਬਾਲਕ ਹੋ ਕੇ ਵੱਡਿਆਂ ਵਰਗੀਆਂ ਗੱਲਾਂ ਨਾ ਕਰੋ। ਛੋਟੇ ਮੂੰਹ ਵੱਡੀ ਗੱਲ ਕਰਨਾ ਠੀਕ ਨਹੀਂ। ਕਿਉਂ ਬੇਅਰਥ ਹੀ ਬਹਿਸ ਕਰਦੇ ਹੋ।"

ਅਸ਼ਟਾਵਕ੍ਰ ਨੇ ਸਮਝਾਕੇ ਕਿਹਾ, "ਭਾਈ ਦਵਾਰਪਾਲ, ਵਾਲਾਂ ਦਾ ਪੱਕ ਜਾਣਾ ਉਮਰ ਦੇ ਪੱਕੇ ਹੋਣ ਦੀ ਨਿਸ਼ਾਨੀ ਨਹੀਂ ਹੈ। ਕਿਸੇ ਰਿਸ਼ੀ ਨੇ ਇਹ ਨਹੀਂ ਕਿਹਾ ਕਿ ਪੱਕੀ ਉਮਰ, ਪੱਕੇ ਵਾਲ, ਧਨ ਦੌਲਤ, ਦੋਸਤਾਂ ਮਿੱਤਰਾਂ ਦੀ ਭੀੜ ਦੇ ਹੋਣ ਨਾਲ ਹੀ ਕੋਈ ਵੱਡਾ ਬਣ ਜਾਂਦਾ ਹੈ। ਵੱਡਾ ਉਹ ਹੀ ਹੁੰਦਾ ਜੋ ਵੇਦ ਵੇਦਾਂਗਾ ਦਾ ਡੂੰਘਾ ਅਧਿਅਨ ਕਰਕੇ ਉਸ ਦਾ ਅਰਥ ਠੀਕ ਤਰ੍ਹਾਂ ਸਮਝਿਆ ਹੋਵੇ। ਮੈਂ ਇਥੇ ਇਸੇ ਉਦੇਸ਼ ਨਾਲ ਆਇਆ ਹਾਂ ਕਿ ਮਹਾਰਾਜਾ ਦੀ ਸਭਾ ਵਿਚ ਵਿਦਵਾਨਾਂ ਨਾਲ ਮਿਲ ਕੇ ਕੁਝ ਗੱਲਾਂ ਕਰਾਂ। ਜਾਓ, ਮਹਾਰਾਜ ਜਨਕ ਨੂੰ ਮੇਰੇ ਆਉਣ ਦੀ ਖਬਰ ਦਿਓ ਅਤ ਕਹੋ ਕਿ ਮੁਨੀ ਅਸ਼ਟਾਵਕ੍ਰ ਆਏ ਹਨ।"

ਦਵਾਰਪਾਲ ਨਾਲ ਇਸ ਤਰ੍ਹਾਂ ਚਰਚਾ ਹੋ ਰਹੀ ਸੀ ਕਿ ਮਹਾਰਾਜ ਜਨਕ ਉਥੇ ਆ ਪਹੁੰਚੇ। ਦਵਾਰਪਾਲ ਨੇ ਬਾਲਕ ਦੀ ਹਿੰਮਤ ਦੀ ਰਾਜਾ ਨੂੰ ਖਬਰ ਦਿਤੀ। ਜਨਕ ਨੇ ਅਸ਼ਟਾਵਕ੍ਰਰ ਨੂੰ ਦੇਖ ਕੇ ਹੀ ਪਹਿਚਾਣ ਲਿਆ ਕਿ ਇਹ ਤਾਂ ਉਹ ਹੀ ਬ੍ਰਾਹਮਣ ਬਾਲਕ ਹੈ ਜਿਸ ਨਾਲ ਸੜਕ੍ਰ ਤੇ ਮੁਲਾਕਾਤ ਹੋਈ ਸੀ।

ਉਹ ਬੋਲੇ, "ਕਾਕਾ ਜੀ, ਮੇਰੀ ਸਭਾ ਦੇ ਵਿਦਵਾਨ ਬੜੇ ਬੜੇ ਪੰਡਿਤਾਂ ਨੂੰ ਸ਼ਾਸਤਰਾਰਥ ਵਿਚ ਹਰਾ ਚੁਕੇ ਹਨ। ਤੁਸੀਂ ਤਾਂ ਅਜੇ ਬੱਚੇ ਹੋ। ਤੁਸੀਂ ਇਹ ਹੱਠ ਕਿਉਂ ਕਰ ਰਹੇ ਹੋ?"

ਅਸ਼ਟਾਵਕ੍ਰ ਨੇ ਉੱਤਰ ਦਿੱਤਾ, "ਤੁਹਾਡੀ ਸਭਾ ਦੇ ਵਿਦਵਾਨਾਂ ਨੇ ਸ਼ਾਇਦ ਕੁਝ ਨਾਮਧਰੀਕ ਪੰਡਿਤਾਂ ਨੂੰ ਹਰਾਇਆ ਹੋਵੇਗਾ ਤੇ ਏਸੇ ਦਾ ਉਹਨਾਂ ਨੂੰ ਘੁਮੰਡ ਹੋ ਗਿਆ ਲਗਦਾ ਹੈ। ਮੈਂ ਤਾਂ ਇਹ ਤਦ ਸਹੀ ਮੰਨਾਂਗਾ ਜਦੋਂ ਮੇਰੇ ਵਰਗੇ ਵੇਦਾਂਤ ਦੇ ਪਹੁੰਚੇ ਹੋਏ ਵਿਦਵਾਨ ਨੂੰ ਸ਼ਾਸਤਰਾਰਥ ਵਿਚ ਹਰਾਉਣ। ਆਪਣੀ ਮਾਤਾ ਕੋਲੋਂ ਮੈਂ ਸੁਣਿਆ ਸੀ ਕਿ ਮੇਰੇ ਪਿਤਾ ਜੀ ਨੂੰ ਆਪਦੇ ਵਿਦਵਾਨਾਂ ਨੇ ਸ਼ਾਸਤਾਰਥ ਵਿਚ ਹਰਾ ਕੇ ਸਮੁੰਦਰ ਵਿਚ ਡਬੋਇਆ ਸੀ। ਮੈਂ ਉਸੇ ਦਾ ਰਿਣ ਚੁਕਾਉਣ ਆਇਆ ਹਾਂ। ਤੁਸੀਂ ਭਰੋਸਾ ਰਖਣਾ ਕਿ ਮੈਂ ਤੁਹਾਡੇ ਵਿਦਵਾਨਾਂ ਨੂੰ ਹਰਾ ਦਿਆਂਗਾ। ਮੇਰੇ ਸ਼ਾਸਤਾਰਥ ਵਿਚ ਹਾਰ ਖਾ ਕੇ ਉਹ ਉਵੇਂ ਉਲਟ ਜਾਣਗੇ ਜਿਵੇਂ ਤੇਜ਼ ਦੌੜਨ ਵਾਲੀ ਗੱਡੀ ਧੁਰੀ ਦੇ ਟੁਟ ਜਾਣ ਤੇ ਉਲਟ ਜਾਂਦੀ ਹੈ। ਸੋ ਆਪ ਆਪਣੇ ਵਿਦਵਾਨਾਂ ਨਾਲ ਮੈਨੂੰ ਭੇਟ ਵਾਰਤਾ ਕਰਨ ਦੀ ਕ੍ਰਿਪਾ ਕਰੋ।

ਮਿਥਲਾ ਨਰੇਸ਼ ਦੇ ਮਸ਼ਹੂਰ ਪੰਡਿਤ ਅਤੇ ਬਾਲਕ ਅਸ਼ਟਾਵਕ੍ਰ ਵਿਚ ਸ਼ਾਸਤਾਰਥ ਸ਼ੁਰੂ ਹੋਇਆ। ਦੋਹਾਂ ਪਾਸਿਆਂ ਤੋਂ ਪ੍ਰਸ਼ਨਾਂ ਉਤਰਾਂ ਦੀ ਵਾਛੜ ਜਿਹੀ ਹੋਣ ਲੱਗੀ। ਅੰਤ ਵਿਚ ਸਭਾ ਦੇ ਸਿਆਣਿਆਂ ਨੂੰ ਮੰਨਣਾ ਪਿਆ ਕਿ ਅਸ਼ਟਾਵਕ੍ਰ ਦੀ ਜਿਤ ਹੋਈ ਹੈ। ਮਿਥਲਾ ਨਗਰ ਦੇ ਵਿਦਵਾਨਾਂ ਨੇ ਲੱਜਾ ਵਿਚ ਸਿਰ ਝੁਕਾ ਦਿਤਾ। ਸ਼ਰਤ ਦੇ ਅਨੁਸਾਰ ਉਹਨਾਂ ਨੂੰ ਸਮੁੰਦਰ ਵਿਚ ਡਬੋ ਦਿਤਾ ਗਿਆ।

ਅਸ਼ਟਾਵਕ੍ਰ ਦੇ ਸੁਰਗਵਾਸੀ ਪਿਤਾ ਦੀ ਆਤਮਾ ਆਪਣੇ ਪੁਤਰ ਦੀ ਪਰਸੰਸਾ ਨੂੰ ਸੁਣ ਕੇ ਅਨੰਦਿਤ ਹੋ ਉਠੀ। ਉਸ ਦੇ ਮੂੰਹ ਚੋਂ ਅਸੀਸਾਂ ਨਿਕਲ ਪਈਆਂ।

"ਇਹ ਕੋਈ ਨਿਯਮ ਨਹੀਂ ਕਿ ਪੁਤਰ ਪਿਤਾ ਹੀ ਤੇ ਜਾਵੇ। ਹੋ ਜਕਦਾ ਹੈ ਕਿ ਕਮਜ਼ੋਰ ਪਿਤਾ ਦੇ ਘਰ ਬਲਵਾਨ ਅਤੇ ਮੰਦਮਤ ਦੇ ਘਰ ਵਿਦਵਾਨ ਪੁਤਰ ਹੋਵੇ। ਕਿਸੇ ਦੀ ਸ਼ਕਲ ਸੂਰਤ ਜਾਂ ਉਮਰ ਨੂੰ ਦੇਖ ਕੇ ਉਹਦੀ ਮਹਾਨਤਾ ਦਾ ਨਿਰਣਾ ਕਰਨਾ ਠੀਕ ਨਹੀਂ। ਬਾਹਰੀ ਰੰਗ ਰੂਪ ਅਕਸਰ ਲੋਕਾਂ ਨੂੰ ਧੋਖੇ ਵਿਚ ਪਾਉਂਦਾ ਹੈ।

((੦))

● ਸਾਰੀਆਂ ਸਮੱਸਿਆਵਾਂ ਸੁੰਗੜਕੇ ਛੋਟੀਆਂ ਹੋ ਜਾਂਦੀਆਂ ਹਨ ਜੇ ਤੁਸੀਂ ਉਹਨਾਂ ਦੇ ਸਾਹਮਣੇ ਆ ਡਟੋ। ਪੋਹਲੀ ਨੂੰ ਡਰਦਿਆਂ ਡਰਦਿਆਂ ਹੱਥ ਲਾਓ ਤਾਂ ਉਹ ਚੁੱਭ ਜਾਵੇਗੀ, ਪਰ ਜੇ ਉਸਨੂੰ ਦਲੇਰੀ ਨਾਲ ਪੀਡੇ ਹੱਥ ਪਾ ਲਓ ਤਾਂ ਉਸ ਦੇ ਕੰਡੇ ਆਪਣੇ ਆਪ ਮੁੜ ਜਾਂਦੇ ਹਨ।

—ਵਿਲਿਅਮ ਐਸ. ਤਾਲਸੋ



Sri Satguru Jagjit Singh Ji eLibrary NamdhariElibrary@gmail.com

# ਚਾਰ ਗ਼ਜ਼ਲਾਂ/ਡੀ. ਆਰ. ਧਵਨ

ਤੇਰਾ ਹਾਸਾ, ਤੇਰੀ ਝਾਂਜਰ, ਡਿਗਦਾ ਝਰਨਾ, ਤਿੰਨੇ,
ਗ਼ਮ ਦੇ ਰਾਹੀਆਂ ਨੂੰ ਦੱਸਦੇ ਨੇ ਖੁਸ਼ੀਆਂ ਦੇ ਸਿਰਨਾਵੇਂ ।

ਅੰਬਾਂ ਨੂੰ ਜਦ ਬੂਰ ਪਵੇ ਤਾਂ ਮੇਰੇ ਦਿਲ ਦੀ ਕੋਇਲ,
ਮੇਰੇ ਕੋਲੋਂ ਪੁੱਛੇ ਵਸਲੀ ਰੁੱਤਾਂ ਦੇ ਸਿਰਨਾਵੇਂ ।

ਛੈਲ-ਛਬੀਲੀ, ਅਲ੍ਹੜ ਤੇ ਮਸਤਾਨੀ ਰੁੱਤ ਸਾਵਣ ਦੀ,
ਯਾਦ ਕਰਾ ਜਾਂਦੀ ਹੈ ਤੇਰੀਆਂ ਯਾਦਾਂ ਦੇ ਸਿਰਨਾਵੇਂ ।

ਸਾਵਣ ਵਰ੍ਹਿਆ, ਪਰ ਦਿਲ ਸੜਿਆ, ਫੁੱਲ ਖਿੜੇ, ਮਨ ਰੋਇਆ
ਪਿੰਡੇ ਤੇ ਲਾਸਾਂ ਬਣ ਉੱਭਰੇ ਕਣੀਆਂ ਦੇ ਸਿਰਨਾਵੇਂ ।

ਐਵੇਂ ਯਾਰ ਬਹਾਰਾਂ ਅੱਗੇ ਦੁੱਖ ਰੋ ਬੈਠੇ ਅਪਣਾ,
ਉਹਨਾਂ ਸਾਡੇ ਹੱਥ ਫੜਾਏ ਦਰਦਾਂ ਦੇ ਸਿਰਨਾਵੇਂ ।

ਅਪਣਾ ਵੀ ਚੇਤਾ ਭੁੱਲ ਬੈਠੇ ਤੇਰੇ ਇਹ ਦੀਵਾਨੇ,
ਪੁਛਦੇ-ਪੁਛਦੇ ਸਜਣਾਂ ਤੇਰੀਆਂ ਗਲ੍ਹੀਆਂ ਦੇ ਸਿਰਨਾਵੇਂ ।

ਨਗ਼ਮਾ, ਖ਼ੁਸ਼ਬੂ, ਕਿੱਕਲੀ, ਝੂਮਰ, ਕੋਇਲ ਔਰ ਪਪੀਹਾ,
ਪੁਛਣੇ ਹਨ ਤਾਂ ਇਹਨਾਂ ਤੋਂ ਪੁੱਛ ਗ਼ਜ਼ਲਾਂ ਦੇ ਸਿਰਨਾਵੇਂ ।

— o —

ਜਿੰਦ ਜਿਨ੍ਹਾਂ ਦੀ ਸੂਲੀ ਟੰਗੀ ਸੁਪਨੇ ਗਹਿਣੇ ਹੋਏ,
ਉਹ ਹਰ ਵੇਲੇ ਪੁੱਛਣ ਸੰਦਲੀ ਪੌਣਾਂ ਦੇ ਸਿਰਨਾਵੇਂ ।
ਨੇਰ੍ਹ ਦਿਲਾਂ ਵਿਚ ਹੈ ਜਿਹਨਾਂ ਦੇ ਅੱਖਾਂ ਵਿਚ ਬਰਸਾਤਾਂ,
ਉਹ ਪੁੱਛਦੇ ਨੇ ਰੌਸ਼ਨੀਆਂ ਤੇ ਔੜਾਂ ਦੇ ਸਿਰਨਾਵੇਂ ।
ਕੰਨਾਂ ਦੇ ਕੱਚੇ ਮੌਸਮ ਨੇ ਪਹਿਲਾਂ ਗੱਲ ਨਾ ਗੌਲੀ,
ਹੁਣ ਪੁਛਦਾ ਫਿਰਦਾ ਹੈ ਫੁੱਲਾਂ-ਕਲੀਆਂ ਦੇ ਸਿਰਨਾਵੇਂ ।
ਪਾਰ ਉਤਰਨਾ ਹੈ ਤਾਂ ਬੇੜੀ ਲਹਿਰਾਂ ਹੱਥ ਫੜਾ ਦੇ,
ਆਉਂਦੇ-ਜਾਂਦੇ ਕੋਲੋਂ ਨਾ ਪੁੱਛ ਕੰਢਿਆਂ ਦੇ ਸਿਰਨਾਵੇਂ ।
ਨਾ ਝੁਕਦੇ—ਨਾ ਵਿਕਦੇ, ਨਾ ਹੀ ਡਰ ਜਿਹਨਾਂ ਦੇ ਹੱਡੀਂ,
ਉਹਨਾਂ ਕੋਲੋਂ ਪੁੱਛੋ ਯਾਰ ਸਲੀਬਾਂ ਦੇ ਸਿਰਨਾਵੇਂ ।
ਸੂਰਜ ਦੀ ਗੁੜ੍ਹਤੀ ਜਿਹਨਾਂ ਨੂੰ, ਚੰਨ ਮੱਥੇ ਤੇ ਚਮਕੇ,
ਉਹ ਕਦ ਪੁੱਛਦੇ ਨੇ ਚਾਨਣੀਆਂ ਰਾਤਾਂ ਦੇ ਸਿਰਨਾਵੇਂ ।
ਆਪ ਜਿਨਾਂ ਦੇ ਤਨ-ਮਨ ਮਹਿਕੇ, ਉਹ ਮਹਿਕਾਉਣ ਚੁਫੇਰਾਂ,
ਕਣ-ਕਣ ਉੱਤੇ ਲਿਖ ਦੇਵਣ ਖ਼ੁਸ਼ਬੂਆਂ ਦੇ ਸਿਰਨਾਵੇਂ ।
ਉਮਰਾਂ ਤੀਕ ਮੁਸਾਫ਼ਿਰ ਤੇਰੀ ਯਾਦ ਸੰਭਾਲੀ ਰੱਖਣ,
ਰੁੱਖਾਂ ਦੇ ਪੱਤਿਆਂ 'ਤੇ ਲਿਖ ਦੇ ਗੀਤਾਂ ਦੇ ਸਿਰਨਾਵੇਂ ।

ਯਾਰ ਨਵੀਂ ਤਹਿਜ਼ੀਬ ਨੇ ਘਰ-ਘਰ ਵਿਚ ਬਾਰੂਦ ਵਿਛਾਇਆ,
ਪਿੰਡੀਂ ਸ਼ਹਿਰੀਂ ਭੁੱਲੇ ਬੋਹੜਾਂ-ਪਿਪਲਾਂ ਦੇ ਸਿਰਨਾਵੇਂ ।
ਲੋਕੀਂ ਆਖਣ ਅੱਜ ਉਹ ਆਪਣੇ ਆਪ ਤੋਂ ਭੱਜਿਆ ਫਿਰਦੈ,
ਕਲ੍ਹ ਜਿਹੜਾ ਪੁਛਦਾ ਸੀ ਘਰ ਤੋਂ ਭੱਜਿਆਂ ਦੇ ਸਿਰਨਾਵੇਂ ।
ਉਂਝ ਲੋਕਾਂ ਨੂੰ ਕਹਿੰਦਾ ਫਿਰਦੈ ਸਾਰਾ ਜਗ ਹੈ ਮੇਰਾ,
ਪਾਈ ਫਿਰਦੈ ਬੋਝੇ ਵਿਚ ਰਕੀਬਾਂ ਦੇ ਸਿਰਨਾਵੇਂ ।
ਵੱਡੇਪਣ ਦੀ ਹੈਂਕੜ ਵਿਚ ਜੋ ਗੁੰਮ ਨੇ ਨਸ਼ਿਆਂ ਅੰਦਰ,
ਉਹ ਦਸਦੇ ਨੇ ਝੁਗੀਆਂ ਔਰ ਮਜ਼ਾਰਾਂ ਦੇ ਸਿਰਨਾਵੇਂ ।
ਆਪ ਨਾ ਵੱਸੀ ਸਹੁਰੇ ਜਿਹੜੀ ਲੋਕਾਂ ਮੱਤੀਂ ਦੇਵੇ,
ਅੱਖੋਂ ਅੰਨੀਂ ਦਸੇ ਏਥੇ ਰਾਹਵਾਂ ਦੇ ਸਿਰਨਾਵੇਂ ।
ਜ਼ਰ, ਨਾ ਜ਼ੋਰੂ, ਨਾ ਹਿੰਮਤ, ਨਾ ਹੀਲਾ ਪੱਲੇ ਤੇਰੇ,
ਕਾਹਨੂੰ ਪੁਛਦਾ ਫਿਰਦੈਂ ਪੀਰ-ਫਕੀਰਾਂ ਦੇ ਸਿਰਨਾਵੇਂ ।
ਢੋਲ ਜਿਨ੍ਹਾਂ ਦੇ ਪ੍ਰਦੇਸੀਂ ਨੇ, ਪੱਲੇ ਨਹੀਂ ਖਿਡਾਉਣੇ,
ਉਹ ਕੀ ਜਾਨਣ ਸਾਵਣ ਦੇ ਜਾਂ ਤੀਆਂ ਦੇ ਸਿਰਨਾਵੇਂ ।

— o —

ਲੋਕ ਮੁਹੱਬਤ ਵਾਲੀ ਭਾਸ਼ਾ ਭੁਲਦੇ ਜਾਣ ਦਿਨੋ-ਦਿਨ,
ਬੁੱਢੇ-ਠੇਰੇ, ਗਭਰੂ ਭੁੱਲੇ ਸੱਥਾਂ ਦੇ ਸਿਰਨਾਵੇਂ ।
ਅਪਣੀ ਬੋਲੀ, ਅਪਣੀ ਧਰਤੀ, ਅਪਣੀ ਮਾਂ ਵਰਗੀ ਹੈ,
ਯਾਦ ਰਹੇ ਨਾ ਸਾਨੂੰ ਇਹਨਾਂ ਸੋਚਾਂ ਦੇ ਸਿਰਨਾਵੇਂ ।
ਨਾ ਕਿਧਰੇ ਹੈ ਲੁੱਕਣ-ਮੀਟੀ, ਨਾ ਹੈ ਛੂਹਣ-ਛੁਹਾਈ,
ਕਿੱਥੋਂ ਲੱਭੀਏ ਪਿਆਰ ਦੀਆਂ ਹੁਣ ਪੀਘਾਂ ਦੇ ਸਿਰਨਾਵੇਂ ।
ਨਾ ਦਾਦੇ ਨੂੰ-ਨਾ ਪੋਤੇ ਨੂੰ ਯਾਦ ਰਿਹਾ ਹੈ ਵਿਰਸਾ,
ਭੁੱਲ ਗਏ ਨੇ ਦੋਹਾਂ ਨੂੰ ਹੀ ਬਾਤਾਂ ਦੇ ਸਿਰਨਾਵੇਂ ।
ਕੋਡੀ ਬੰਦਾ—ਬੰਦਾ ਕੋਡੀ, ਇਕੋ ਤਕੜੀ ਤੁਲਦੇ,
ਕਾਹਨੂੰ ਭਾਲੇਂ ਇਸ ਨਗਰੀ ਚੋਂ ਮਰਦਾਂ ਦੇ ਸਿਰਨਾਵੇਂ ।
ਏਸ ਘੜੀ ਦੀ ਟਿਕ-ਟਿਕ ਅੰਦਰ ਇਕ ਹੈ ਤੇਰੇ ਨਾਂ ਦੀ,
ਕਾਹਨੂੰ ਪੱਲੇ ਬੰਨ੍ਹੀ ਫਿਰਦੈਂ ਸਦੀਆਂ ਦੇ ਸਿਰਨਾਵੇਂ ।
ਕੌਣ "ਧਵਨ" ਦੱਸੇ ਉਹਨਾਂ ਨੂੰ ਕੌਣ ਭਲਾ ਸਮਝਾਵੇ,
ਕਾਵਾਂ ਕੋਲੋਂ ਪੁਛਣ ਜਿਹੜੇ ਹੰਸਾਂ ਦੇ ਸਿਰਨਾਵੇਂ ।
ਸਾਰੀ ਉਮਰ ਉਡੀਕ ਜਿਨ੍ਹਾਂ ਦੀ ਬੈਠ "ਧਵਨ" ਨੇ ਕੀਤੀ,
ਉਹ ਆਏ ਤਾਂ ਪੁਛਣ ਲੱਗੇ ਲੋਕਾਂ ਦੇ ਸਿਰਨਾਵੇਂ ।

(੫੨੦ ਸ਼ਿਅਰਾਂ ਵਾਲੀ ਗ਼ਜ਼ਲ 'ਚੋਂ)



Sri Satguru Jagjit Singh Ji eLibrary NamdhariElibrary@gmail.com

# ਪ੍ਰੋ. ਰੁਚੀ ਰਾਮ ਸਾਹਨੀ

—ਡਾ. ਨਿਰਮਲ ਸਿੰਘ

ਸਾਡੇ ਦੇਸ ਦੀਆਂ ਰੰਗ-ਬਰੰਗੀਆਂ ਜ਼ਬਾਨਾਂ ਇਕ ਪਾਸੇ ਤਾਂ ਸਾਡੀ ਸਭਿਆਚਾਰਕ ਅਮੀਰੀ ਦਾ ਪ੍ਰਗਟਾਵਾ ਹਨ, ਪਰ ਦੂਜੇ ਪਾਸੇ ਬੋਲੀਆਂ ਦੀ ਇਸ ਬਹੁਲਤਾ ਦੇ ਕਾਰਨ ਹੀ ਅਸੀਂ ਵਿਗਿਆਨ ਦੇ ਖੇਤਰ ਵਿਚ ਕਾਫੀ ਪਛੜ ਗਏ ਹਾਂ। ਸਾਡੀਆਂ ਆਪਣੀਆਂ ਬੋਲੀਆਂ ਵਿਚ ਸਾਇੰਸ ਦੇ ਪ੍ਰਸਾਰ ਅਤੇ ਪ੍ਰਸਿਧੀ ਲਈ ਬਹੁਤ ਘੱਟ ਯਤਨ ਹੋਏ। ਇਸ ਦਾ ਪ੍ਰਮਾਣ ਏਸ ਗੱਲ ਤੋਂ ਹੈ ਕਿ ਵਿਗਿਆਨ ਨੂੰ ਆਮ ਲੋਕਾਂ ਤੀਕਰ ਲਜਾਣ ਦੀਆਂ ਮੁਢਲੀਆਂ ਕੋਸ਼ਿਸ਼ਾਂ ਉਨ੍ਹੀਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਹੀ ਸ਼ੁਰੂ ਹੋਈਆਂ। ਇਹ ਵੀ ਸਿਰਫ ਬੰਗਾਲ ਵਿਚ ਜਿਥੇ ਬੰਗਲਾ ਜ਼ਬਾਨ ਰਾਹੀਂ ਕੁਝ ਲੈਕਚਰਾਂ ਤੇ ਕੁਝ ਲਿਖਤਾਂ ਦੇ ਰੂਪ ਵਿਚ ਕੰਮ ਸ਼ੁਰੂ ਹੋਇਆ।

ਏਸ ਹੀ ਕੜੀ ਦਾ ਇਕ ਪ੍ਰਸਿਧ ਮਣਕਾ ਹੈ ਇਕ ਪੰਜਾਬੀ ਸਾਇੰਸਦਾਨ ਜਿਸ ਇਕੱਲੇਕਾਰੇ ਨੇ ਹੀ ਲਗਪਗ ਖਾਲੀ ਹੱਥੀਂ ਆਪਣੇ ਸੂਬੇ ਵਿਚ ਬੜੀ ਦ੍ਰਿੜ੍ਹਤਾ ਤੇ ਲਗਨ ਨਾਲ ਇਹ ਕੰਮ ਅਰੰਭਿਆ ਤੇ ਵਿਗਿਆਨ ਦੇ ਪ੍ਰਸਾਰ ਲਈ ਮੁੱਢ ਬੰਨ੍ਹਿਆ। ਇਹ ਮਹਾਨ ਮਨੁਖ ਸੀ ਪ੍ਰੋਫੈਸਰ ਰੁਚੀ ਰਾਮ ਸਾਹਨੀ, ਜਿਹਨੇ ਸੰਨ ੧੮੮੫ ਵਿਚ 'ਪੰਜਾਬ ਸਾਇੰਸ ਇੰਸਟੀਚਿਊਟ' ਦੀ ਸਥਾਪਨਾ ਕੀਤੀ। ਇਹ ਅਦਾਰਾ ਥੋੜ੍ਹੇ ਜਿਹੇ ਅਰਸੇ ਵਿਚ ਹੀ ਪੰਜਾਬ ਭਰ ਵਿਚ ਆਮ ਜਾਣਕਾਰੀ ਵਾਲੇ ਸਾਇੰਸ ਦੇ ਲੈਕਚਰ ਕਰਵਾਉਣ ਲਗ ਪਿਆ। ਪ੍ਰੋ. ਰੁਚੀ ਰਾਮ ਸਾਹਨੀ ਜੋ ਕਿ ਪ੍ਰਸਿਧ ਬਣਸਪਤ ਵਿਗਿਆਨੀ ਪ੍ਰੋ. ਬੀਰਬਲ ਸਾਹਨੀ ਦੇ ਪਿਤਾ ਜੀ ਸਨ ਦੀ ਮਨਸ਼ਾ ਸਾਇੰਸ ਦੇ ਗਿਆਨ ਤੇ ਜਾਣਕਾਰੀ ਵਿਚ ਵਾਧਾ ਕਰਨਾ ਸੀ। ਏਸ ਕੰਮ ਲਈ ਉਨ੍ਹਾਂ ਨੇ ਮੁਖ ਰੂਪ ਵਿਚ ਪੰਜਾਬੀ ਬੋਲੀ ਦੀ ਵਰਤੋਂ ਵਿਗਿਆਨ ਜਿਹੇ ਸੂਖਮ ਵਿਸ਼ਿਆਂ ਲਈ ਖੁਲ੍ਹ ਕੇ ਕੀਤੀ। ਇਹ ਗੱਲ ਅੱਜ ਤੋਂ ਪੂਰੀ ਇਕ ਸਦੀ ਪਹਿਲੋਂ ਵਾਪਰੀ ਤੇ ਸਾਡੇ ਅੱਜ ਦੇ ਵਿਗਿਆਨਕਾਂ ਤੇ ਪੰਜਾਬੀ ਵਿਰੋਧੀਆਂ ਨੂੰ ਖੁਦ ਹੀ ਸ਼ਰਮਸਾਰ ਕਰਨ ਵਾਲੀ ਹੈ! ਬੇਸ਼ਕ ਉਹ ਅੰਗਰੇਜ਼ੀ ਤੇ ਉਰਦੂ ਦੀ ਵਰਤੋਂ ਵੀ ਕਰਦੇ ਸਨ, ਪਰ ਭਾਸ਼ਣਾਂ ਦੀ ਜ਼ਬਾਨ ਆਮ ਤੌਰ ਤੇ ਪੰਜਾਬੀ ਹੁੰਦੀ ਸੀ।

ਉਹ ਤਜਰਬੇ ਖੁਦ ਕਰਕੇ ਵਿਖਾਉਂਦੇ ਸਨ। ਸਲਾਈਡਾਂ ਪ੍ਰਦਰਸ਼ਤ ਕਰਨ ਤੇ ਛੋਟੇ ਛੋਟੇ ਟਰੈਕਟ ਛਾਪ ਕੇ ਆਮ ਜਨਤਾ ਵਿਚ ਵੰਡਦੇ ਸਨ। ਉਹਨਾਂ ਦਿਨਾਂ ਦਾ ਪੰਜਾਬ ਪਿਸ਼ਾਵਰ ਤੋਂ ਲੈ ਕੇ ਦਿੱਲੀ ਤੀਕਰ ਤੇ ਤਿੱਬਤ ਕਸ਼ਮੀਰ ਤੋਂ ਸ਼ੁਰੂ ਹੋ ਕੇ ਰਾਜਸਥਾਨ-ਸਿੰਧ ਤੱਕ ਫੈਲਿਆ ਹੋਇਆ ਸੀ। ਏਸ ਖਿੱਤੇ ਵਿਚ ਅੱਜ ਦੇ ਚੜ੍ਹਦਾ ਤੇ ਲਹਿੰਦਾ ਪੰਜਾਬ, ਸੂਬਾ ਸਰਹੱਦ, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਦਿੱਲੀ ਦੇ ਇਲਾਕੇ ਸ਼ਾਮਲ ਸਨ।

ਸਾਹਨੀ ਹੋਰਾਂ ਵਲੋਂ ਕਾਇਮ ਕੀਤਾ ਗਿਆ ਇਹ ਅਦਾਰਾ ਤਕਨੀਕੀ ਵਿਦਿਆ ਦੀ ਹੌਸਲਾ-ਅਫਜ਼ਾਈ ਲਈ ਵੀ ਕੰਮ ਕਰਦਾ ਸੀ ਤੇ ਇਸ ਦੀ ਮਾਇਕ ਇਮਦਾਦ ਕਰਦੇ ਸਨ ਮਲਕ ਜਵਾਲਾ ਸਹਾਇ ਜੀ। ਇਹ ਸੱਜਣ ਸਾਬਣ ਅਤੇ ਮੋਮਬੱਤੀਆਂ ਬਣਾਉਣ ਉਤੇ ਨਕਦ ਇਨਾਮ ਦੇਂਦੇ ਸਨ। ਇਸ ਸੰਸਥਾ ਦੇ ਬਹੁਤੇ ਮੈਂਬਰ ਲਾਹੌਰ ਦੇ ਵੱਖੋ-ਵੱਖ ਕਾਲਜਾਂ ਦੇ ਪ੍ਰੋਫੈਸਰ ਸਨ ਤੇ ਸਾਰੇ ਜਣੇ ਹੀ ਬਹੁਤ ਮਿਹਨਤ ਤੇ ਲਗਨ ਨਾਲ ਆਪਣੇ ਹੱਥੀਂ ਲੈਕਚਰਾਂ ਤੇ ਤਜਰਬਿਆਂ ਲਈ ਸਲਾਈਡਾਂ ਤਿਆਰ ਕਰਦੇ ਤੇ ਨੋਟ ਲਿਖਦੇ। ਇਹਨਾਂ ਨੂੰ ਬਹੁਤ ਰੋਚਕ ਢੰਗ ਨਾਲ ਸਰਲ ਜ਼ਬਾਨ ਵਿਚ ਲੋਕਾਂ ਨੂੰ ਵਿਖਾਉਂਦੇ। ਪਹਿਲੋਂ-ਪਹਿਲ ਇਹਨਾਂ ਨੂੰ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਧਿਰ ਵਲੋਂ ਕੋਈ ਵੀ ਮਦਦ ਨਹੀਂ ਸੀ ਮਿਲਦੀ। ਪ੍ਰੋਫੈਸਰ ਸਾਹਨੀ ਖੁਦ ਮੌਸਮ ਦੇ ਮਹਿਕਮੇ ਵਿਚ ਮੁਲਾਜ਼ਮ ਸਨ ਤੇ ਉਥੇ ਇਹਨਾਂ ਦਾ ਦਰਜਾ ਇਕ ਸਹਾਇਕ ਵਾਲਾ ਸੀ। ਉਹ ਪੂਰੇ ਹਿੰਦੁਸਤਾਨ ਦੀ ਮੌਸਮ ਬਾਬਤ ਖਾਸ ਕਰਕੇ ਮੌਨਸੂਨ ਸਬੰਧੀ ਖੋਜਬੀਣ ਕਰਕੇ ਭਾਸ਼ਣ ਤਿਆਰ ਕਰਦੇ ਸਨ। ਇਹਨਾਂ ਭਾਸ਼ਣਾਂ ਲਈ ਉਹ ਚਾਰਟ ਤੇ ਨਕਸ਼ੇ ਵੀ ਆਪਣੇ ਹੱਥੀਂ ਤਿਆਰ ਕਰਦੇ। ਇਹਨਾਂ ਨੂੰ ਸੁਣਨ-ਵੇਖਣ ਲਈ ਹਿੰਦੋਸਤਾਨੀਆਂ ਦੇ ਨਾਲ-ਨਾਲ ਅੰਗਰੇਜ਼ ਵੀ ਵਡੀ ਗਿਣਤੀ ਵਿਚ ਆਉਂਦੇ। ਇਹਨਾਂ ਲੈਕਚਰਾਂ ਦਾ ਅਜਿਹਾ ਪ੍ਰਭਾਵ ਪਿਆ ਕਿ ਉਹਨਾਂ ਨੂੰ ਪੰਜਾਬ ਭਰ ਵਿਚੋਂ ਸੱਦੇ ਆਉਣ ਲਗ ਪਏ। ਖਰਚਾ ਵਧਣ ਕਰਕੇ ਸਾਹਨੀ ਹੋਰਾਂ ਨੂੰ ਇਕ ਆਨਾ ਫ਼ੀ ਲੈਕਚਰ ਫ਼ੀਸ ਰਖਣੀ ਪਈ, ਕਿਉਂਕਿ ਨਾਲ ਉਹਨਾਂ ਨੂੰ ਲਬੋਟਰੀ ਦਾ ਸਾਮਾਨ, ਚਾਰਟ ਤੇ ਨਕਸ਼ੇ ਲਿਜਾਣ ਲਈ ਇਕ ਮੱਦਦਗਾਰ ਦੀ ਜ਼ਰੂਰਤ ਪੈਂਦੀ ਸੀ। ਤਕਰੀਬਨ ਸੌ ਵਿਚੋਂ ਨੱਬੇ ਲੈਕਚਰ ਸਾਹਨੀ ਹੋਰੀਂ ਖੁਦ ਦਿੰਦੇ ਸਨ ਕਿਉਂਕਿ ਉਹਨਾਂ ਨੇ ਲਾਹੌਰ ਤੇ ਹੋਰ ਥਾਵਾਂ ਤੇ ਤਕਰੀਬਨ ਹਰ ਵਿਸ਼ੇ ਤੇ ਭਾਸ਼ਣ ਦਿਤੇ। ਇਸ ਨਾਲ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਦੀ ਨਿਜੀ ਜਾਣਕਾਰੀ ਤੇ ਦੋਸਤਾਂ ਦੇ ਦਾਇਰੇ ਵਿਚ ਵੱਡਾ ਵਾਧਾ ਹੋਇਆ।

ਇਕ ਅੰਦਾਜ਼ੇ ਮੁਤਾਬਕ ਪ੍ਰੋ. ਸਾਹਨੀ ਨੇ ਘਟੋ-ਘਟ ੫੦੦ ਅਜਿਹੇ ਭਾਸ਼ਨ ਦਿਤੇ ਤੇ ਇਹਨਾਂ ਵਿਚ ਹਰ ਵਰੇ, ਗੁਰਦਵਾਰਾ ਬਾਉਲੀ ਸਾਹਿਬ ਲਾਹੌਰ ਦੇ ਖੁਲੇ, ਵਿਹੜੇ ਵਿਚ ਤਕਰੀਬਨ ੨੦ ਭਾਸ਼ਣਾਂ ਦੀ ਲੜੀ ਨਿਰੋਲ ਪੰਜਾਬੀ ਵਿਚ ਹੁੰਦੀ ਸੀ। ਇਸ ਸਮੇਂ ਤਜਰਬਿਆਂ ਲਈ ਸਾਮਾਨ ਤੇ ਵਿਆਖਿਆ ਅਜਿਹੀ ਹੁੰਦੀ ਸੀ ਕਿ ਹਰ ਕੋਈ ਆਪਣੇ ਘਰ ਵੀ ਤਜਰਬਾ ਕਰਕੇ ਵੇਖ ਸਕਦਾ ਸੀ। ਇਨ੍ਹਾਂ ਭਾਸ਼ਣਾਂ ਦੇ ਸਰੋਤੇ ਤੇ ਤਜਰਬਿਆਂ ਦੇ ਦਰਸ਼ਨ ਕਰਨ ਵਾਲੇ ਜ਼ਿਆਦਾਤਰ ਲਾਗਲੇ ਬਜ਼ਾਰਾਂ ਦੇ ਦੁਕਾਨਦਾਰ ਅਤੇ ਥੋੜ੍ਹੀ ਬਹੁਤ ਅੰਗਰੇਜ਼ੀ ਜਾਨਣ ਵਾਲੇ ਦਫਤਰੀ ਬਾਬੂ ਹੁੰਦੇ ਸਨ।

ਪ੍ਰੋਫੈਸਰ ਸਾਹਨੀ ਇਹਨਾਂ ਭਾਸ਼ਣਾਂ ਨੂੰ ਬਹੁਤ ਸਫਲ ਸਮਝਦੇ ਸਨ, ਕਿਉਂਕਿ ਦਿਨ-ਬਦਿਨ ਦਰਸ਼ਨ ਦੀ ਗਿਣਤੀ ਵਧਦੀ ਜਾਂਦੀ ਸੀ ਤੇ ਬਜ਼ਾਰਾਂ ਵਿਚ ਚੀਜ਼ਾਂ ਵਸਤਾਂ ਖਰੀਦਣ ਵਾਲੇ ਆਮ ਲੋਕ ਵੀ ਇਸ ਮੌਕੇ ਸ਼ਾਮਲ ਹੋਣ ਲਗ ਪਏ ਸਨ। ਕਦੀ ਇੰਜ ਵੀ ਹੁੰਦਾ ਕਿ ਪ੍ਰੋ. ਸਾਹਨੀ ਹੋਰਾਂ ਨੂੰ ਕਿਸੇ ਅੰਗਰੇਜ਼ੀ ਸ਼ਬਦ ਦਾ ਪੰਜਾਬੀ ਵਿਚ ਅਰਥ ਇਕਦਮ ਲੱਭਣ ਵਿਚ ਔਕੜ ਆਉਂਦੀ ਤਾਂ ਇਹਨਾਂ ਲੋਕਾਂ ਵਿਚੋਂ ਹੀ ਕੋਈ ਜਣਾ ਉਹਨਾਂ ਦੀ ਮਦਦ ਕਰਦਾ। ਹਰ ਸਾਲ ਆਮ ਵਿਸ਼ਿਆਂ ਨਾਲ ਸਬੰਧਤ ਕੋਈ ਦਸ ਭਾਸ਼ਨ ਹੁੰਦੇ ਸਨ—ਜਿਵੇਂ ਸਾਬਣ ਬਨਾਉਣਾ, ਲਾਹੌਰ ਦਾ ੧੯੮੮ ਈ: ਤੋਂ ਪਹਿਲੋਂ ਦਾ ਪੀਣ ਵਾਲਾ ਪਾਣੀ, ਸਾਫ ਤੇ ਗੰਦੀ ਹਵਾ, ਖਿਡਾਉਣੇ ਅਤੇ ਉਹਨਾਂ ਤੋਂ ਸਬਕ, ਬਿਜਲੀ ਮਨੁਖ ਦੀ ਸੇਵਾ ਵਿਚ, ਕੱਚ ਬਣਾਉਣਾ, ਪੰਜਾਬ ਅਤੇ ਇਹਦੇ ਦਰਿਆ, ਭਾਂਡੇ ਕਲੀ ਕਰਨਾ, ਅੱਗ ਦੀ ਲਾਟ, ਟੈਲੀਗਰਾਫ ਦੀ ਤਾਰ ਕਿੰਝ ਬੋਲਦੀ ਹੈ ਤੇ ਹੋਰ ਅਨੇਕਾਂ ਵਿਸ਼ੇ। ਇਹਨਾਂ ਸਾਰੀਆਂ ਜੁਗਤਾਂ ਨਾਲ ਆਮ ਲੋਕੀ ਸਾਇੰਸ ਪ੍ਰਤੀ ਬਹੁਤ ਉਤਸ਼ਾਹ ਤੇ ਦਿਲਚਸਪੀ ਦਿਖਾਉਣ ਲਗੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਦੇ ਸੂਬੇ ਵਿਚ ਹਿੰਦੋਸਤਾਨ ਦੇ ਬਾਕੀ ਸੂਬਿਆਂ ਨਾਲੋਂ ਕਿਤੇ ਵਧ ਗਿਣਤੀ ਵਿਚ ਸਕੂਲੀ ਬੱਚੇ ਰਸਾਇਣਕ ਤੇ ਭੌਤਿਕ ਵਿਗਿਆਨ ਦੀ ਪੜ੍ਹਾਈ ਕਰਨ ਲੱਗੇ।

ਕਦੀ-ਕਦਾਈਂ ਪ੍ਰੋ. ਸਾਹਨੀ ਬਿਲਕੁਲ ਹੀ ਨਵੇਂ ਵਿਸ਼ਿਆਂ ਸਬੰਧੀ ਜਾਣਕਾਰੀ ਦਿੰਦੇ। ਇਹ ਵਿਸ਼ੇ ਅਜਿਹੇ ਹੁੰਦੇ ਸਨ ਜਿਨ੍ਹਾਂ ਦੀ ਖੋਜ ਉਸ ਜ਼ਮਾਨੇ ਵਿਚ ਈ ਹੋਈ ਸੀ ਤੇ ਇਹ ਭਾਸ਼ਣ ਆਮ ਨਾਲੋਂ ਕਿਤੇ ਵਧ ਕਾਮਯਾਬ ਹੁੰਦੇ। ਨਵੀਆਂ ਨਿਕਲੀਆਂ ਕਾਢਾਂ—ਐਕਸ-ਰੇ, ਵਾਇਰਲੈੱਸ, ਟੈਲੀਗਰਾਫੀ ਅਤੇ ਐਡੀਸਨ ਫ਼ੋਨੋਗਰਾਮ ਵਿਚ ਲੋਕਾਂ ਦੀ ਇੰਨੀ ਦਿਲਚਸਪੀ ਵਧ ਗਈ ਕਿ ਸਾਹਨੀ ਹੋਰਾਂ ਨੂੰ ਇਹਨਾਂ ਸਬੰਧੀ ਤਜਰਬੇ ਇਕੋ ਜਗ੍ਹਾ ਤੇ ਹੀ ਦੋ-ਦੋ, ਤਿੰਨ-ਤਿੰਨ ਵਾਰ ਦਿਖਾਉਣੇ ਪਏ। ਇਹ ਜਾਣਕੇ ਹੈਰਾਨੀਜਨਕ ਖੁਸ਼ੀ ਹੁੰਦੀ ਹੈ ਕਿ ਵਾਇਰਲੈੱਸ ਸਬੰਧੀ ਤਜਰਬਿਆਂ ਦੀ ਲੜੀ ਵਿਚ ਪਹਿਲੇ ਤਜਰਬੇ ਏਸੇ ਹੀ ਮਹਾਨ ਪੰਜਾਬੀ ਸਪੂਤ ਨੇ ਕੀਤੇ ਤੇ ਹਿੰਦੋਸਤਾਨ ਭਰ ਦੇ ਮੋਹਰੀਆਂ ਵਿਚ ਉਹਨਾਂ ਦਾ ਨਾਂ ਫ਼ਖ਼ਰ ਨਾਲ ਲਿਆ ਜਾਂਦਾ ਹੈ।

ਵਿਗਿਆਨ ਦੇ ਪਸਾਰ ਲਈ ਡੂੰਘੀ ਰੁਚੀ ਵਿਖਾਉਂਦਿਆਂ ਉਹਨਾਂ ਨੇ ਮਹਿਸੂਸ ਕੀਤਾ ਕਿ ਪੰਜਾਬ ਵਿਚ ਕੋਈ ਵੀ ਵਿਗਿਆਨਕ ਵਿਸ਼ਾ ਓਨੀ ਦੇਰ ਤਕ ਚੰਗੀ ਤਰ੍ਹਾਂ ਨਹੀਂ ਪੜ੍ਹਾਇਆ ਜਾ ਸਕਦਾ ਜਦੋਂ ਤੀਕਰ ਤਜਰਬੇ ਕਰਨ ਵਾਲੇ ਸਾਮਾਨ ਦੀ ਮੁਰੰਮਤ ਦਾ ਸਕੂਲੀ ਪੱਧਰ ਤੇ ਚੰਗਾ ਪ੍ਰਬੰਧ ਨਾ ਹੋਵੇ। ਇਸ ਵਿਸ਼ੇ ਉੱਤੇ ਪੰਜਾਬ ਸਾਇੰਸ ਇੰਸਟੀਚਿਊਟ ਦੇ ਬਾਕੀ ਪ੍ਰਬੰਧਕ ਬਹੁਤ ਡਰ ਰਹੇ ਸਨ। ਬਣਾਉਣਾ ਤਾਂ ਇਕ ਪਾਸੇ ਰਿਹਾ ਸਾਇੰਸ ਦੇ ਸਮਾਨ ਦੀ ਮੁਰੰਮਤ ਵੀ ਉਹਨਾਂ ਦੇ ਵੱਸ ਦਾ ਰੋਗ ਨਹੀਂ ਸੀ। ਪਰ ਸਾਹਨੀ ਹੋਰੀਂ ਡਟੇ ਰਹੇ ਤੇ ਸਾਇੰਸ ਦੇ ਸਮਾਨ ਦੀ ਮੁਰੰਮਤ ਲਈ ਪਹਿਲੀ ਵਰਕਸ਼ਾਪ ੧੮੮੮ ਈ. ਵਿਚ ਸ਼ੁਰੂ ਕੀਤੀ ਇਸ ਵੇਲੇ ਉਹਨਾਂ ਦੇ ਪੱਲੇ ਧੇਲਾ ਵੀ ਨਹੀਂ ਸੀ ਪਰ ਉਹ ਇਸ ਆਸ ਨਾਲ ਠਿੱਲ੍ਹ ਪਏ ਕਿ ਕਾਮਯਾਬੀ ਨਾਲ ਪੈਸੇ ਖ਼ੁਦ-ਬਖ਼ੁਦ ਆ ਜਾਣਗੇ।

ਪ੍ਰੋ. ਸਾਹਨੀ ਨੇ ਰੇਲਵੇ ਵਰਕਸ਼ਾਪ ਦੇ ਮਿਸਤਰੀ ਅੱਲਾ ਬਖ਼ਸ਼ ਨਾਲ ਅਜਿਹਾ ਤਾਲ ਮੇਲ ਕੀਤਾ ਕਿ ਉਹ ਉਹਨਾਂ ਲਈ ਕੁਝ ਮੁੱਢਲਾ ਸਮਾਨ ਤਿਆਰ ਕਰਨ ਲੱਗਾ। ਉਹਦੇ ਕੋਲ ਆਮ ਜਿਹੇ ਸੰਦ, ਕੋਲੇ ਵਾਲੀ ਭੱਠੀ ਅਤੇ ਬੱਕਰੇ ਦੀ ਖੱਲ ਦੀ ਧੌਂਕਣੀ ਸੀ। ਅੱਲਾ ਬਖਸ਼ ਨੂੰ ੨੫ ਰੁਪਏ ਮਾਹਵਾਰ ਤਨਖਾਹ ਮਿਲਦੀ ਸੀ ਤੇ ਉਹ ਹੋਰ ੨ ਰੁਪਏ ਜਿੰਦਰੇ ਠੀਕ ਕਰਕੇ, ਚਾਬੀਆਂ ਵਾਲੇ ਹੋਰ ਨਿੱਕੇ ਮੋਟੇ ਕੰਮ ਕਰਕੇ ਬਣਾ ਲੈਂਦਾ ਸੀ। ਬਾਅਦ ਵਿਚ ਇਹੋ ਅੱਲਾ ਬਖਸ਼ ਪੰਜਾਬ ਸਾਇੰਸ ਇੰਸਟੀਚਿਊਟ ਦਾ ਹੈੱਡ ਮਿਸਤਰੀ ਬਣਿਆ। ਕੰਮ ਦੀ ਦੇਖ ਭਾਲ ਲਈ ਪ੍ਰੋਫੈਸਰ ਸਾਹਿਬ ਸ਼ਾਮ ਅੱਠ ਵਜੇ ਤੋਂ ਅੱਧੀ ਰਾਤ ਤੀਕਰ ਅੱਲਾ ਬਖਸ਼ ਦੇ ਘਰ ਰਹਿੰਦੇ, ਇੰਜ ਉਹਨਾਂ ਨੂੰ ਬਹੁਤ ਸਖਤ ਮਿਹਨਤ ਕਰਨੀ ਪੈਂਦੀ ਕਿਉਂਕਿ ਸਵੇਰ ਵੇਲੇ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਨੇ ਪੜ੍ਹਾਉਣਾ ਹੁੰਦਾ ਸੀ। ਉਹ ਆਪਣੀ ਵਰਕਸ਼ਾਪ ਦੀਆਂ ਬਣੀਆਂ ਚੀਜ਼ਾਂ ਸਕੂਲਾਂ ਨੂੰ ਲਾਗਤ ਕੀਮਤ ਤੇ ਅਤੇ ਕਦੀ ਕਦੀ ਘਾਟੇ ਵਿਚ ਵੀ ਵੇਚ ਦਿੰਦੇ ਸਨ। ਘਾਟਾ ਪੂਰਾ ਕਰਣ ਲਈ ਕੁਝ ਸਮੇਂ ਬਾਅਦ ਇਸ ਵਰਕਸ਼ਾਪ ਵਿਚ ਜਿੰਦਰੇ ਅਤੇ ਤਜੌਰੀਆਂ ਬਨਾਉਣ ਦਾ ਕੰਮ ਵੀ ਸ਼ੁਰੂ ਕੀਤਾ ਗਿਆ। ਉਹਨਾਂ ਨੇ ਇਸ ਕੰਮ ਵਿਚ ਵੀ ਅਜਿਹੀ ਮਹਾਰਤ ਹਾਸਲ ਕੀਤੀ ਕਿ ਉਹਨਾਂ ਦੀ ਵਰਕਸ਼ਾਪ ਦੇ ਜਿੰਦੇ ਤਜੌਰੀਆਂ ਵੀ ਧੜਾ-ਧੜ ਵਿਕਣ ਲੱਗ ਪਏ ਤੇ ਹਰ ਮਹੀਨੇ ੧੦੦ ਰੁਪਿਆ ਮੁਨਾਫ਼ਾ ਹੋਣ ਲਗਾ। ਇੰਜ ਕਾਮੇ ਵੀ ਰੁੱਝੇ ਰਹੇ ਤੇ ਵਰਕਸ਼ਾਪ ਵੀ ਆਪਣੇ ਪੈਰਾਂ ਤੇ ਖੜ੍ਹੋ ਗਈ। ਸਮਾਂ ਲੰਘਣ ਨਾਲ ਇਥੇ ਹਰ ਕਿਸਮ ਦੇ ਸਾਇੰਸੀ ਸਮਾਨ ਦੀ ਮੁਰੰਮਤ ਤੇ ਦੇਖ-ਰੇਖ ਹੋਣ ਲੱਗ ਪਈ। ਇਥੋਂ ਤਕ ਹੋਇਆ ਕਿ ਪੀ. ਡਬਲਯੂ. ਡੀ. ਦੇ ਮਹਿਕਮੇ ਦੀਆਂ ਸਰਕਾਰੀ ਕੰਪਾਸਾਂ ਦੀ ਮੁਰੰਮਤ ਵੀ ਇਸੇ ਵਰਕਸ਼ਾਪ ਵਿਚ ਹੋਣੀ ਸ਼ੁਰੂ ਹੋ ਗਈ। ਕੰਮ ਕਰਨ ਵਾਲੇ ਮਿਸਤਰੀਆਂ ਦੇ ਹੌਂਸਲੇ ਬੁਲੰਦ ਹੋ ਗਏ ਤੇ ਵਰਕਸ਼ਾਪ ਦੇ ਪ੍ਰਬੰਧਕ ਸਕੂਲਾਂ ਤੇ ਕਾਲਜਾਂ ਦੇ ਸਾਇੰਸੀ ਸਮਾਨ ਨੂੰ ਤਿਆਰ ਕਰਨ ਬਾਬਤ ਗੰਭੀਰਤਾ ਨਾਲ ਸੋਚਣ ਲੱਗੇ। ੧੮੯੦ ਈ. ਤੀਕਰ ਇਹ ਇਕ ਵਧੀਆ ਵਰਕਸ਼ਾਪ ਬਣ ਚੁੱਕੀ ਸੀ।

ਇਕ ਵਾਰੀ ਪ੍ਰੋਫੈਸਰ ਰੁਚੀ ਰਾਮ ਹੋਰਾਂ ਨੂੰ ਬੰਬਈ ਦੀ ਇਕ ਫਰਮ ਨੂੰ ਸਾਇੰਸ ਦਾ ਸਮਾਨ ਭੇਜਣ ਦੇ ਸਿਲਸਿਲੇ ਵਿਚ ਬੰਬਈ ਜਾਣਾ ਪਿਆ। ਇਥੇ ਉਹਨਾਂ ਦੀ ਮੁਲਾਕਾਤ ਇਕ ਹੋਰ ਉਤਸ਼ਾਹੀ ਸੱਜਣ ਹੀਰਾ ਲਾਲ ਨਾਲ ਹੋਈ। ਉਹ ਸਾਇੰਸ ਇਨਸਪੈਕਟਰ ਸਨ ਤੇ ਮਧ-ਪ੍ਰਦੇਸ਼ ਵਿਚ ਹੋਸ਼ੰਗਾਬਾਦ ਦੇ ਰਹਿਣ ਵਾਲੇ ਸਨ। ਉਹਨਾਂ ਨੇ ਬੰਬਈ ਦੀ ਫਰਮ ਵਿਚ "ਟਾਟੇ ਹਵਾਈ ਪੰਪ" ਲਈ ਆਪਣੀ ਲੋੜ ਭੇਜੀ ਸੀ। ਲਾਹੌਰ ਆ ਕੇ ਸਾਹਨੀ ਹੋਰਾਂ ਹੀਰਾ ਲਾਲ ਨੂੰ ਪੰਜਾਬ ਸਾਇੰਸ ਇੰਸਟੀਚਿਊਟ ਵਲੋਂ ਇਕ ਚਿੱਠੀ ਲਿਖੀ ਜਿਸ ਵਿਚ ਇਥੇ ਬਣ ਰਹੇ ਸਮਾਨ ਦੀ ਸੂਚੀ ਤੇ ਕੀਮਤ ਦਰਸਾਈ ਹੋਈ ਸੀ। ਇਹ ਕੀਮਤ ਬੰਬਈ ਵਿਚ ਬਣਦੇ ਸਮਾਨ ਤੇ ਵਲਾਇਤੀ ਸਮਾਨ ਨਾਲੋਂ ਐਨ ਅੱਧੀ ਸੀ। ਇਸ ਤੋਂ ਵੀ ਅੱਗੇ ਇਹ ਵਾਅਦਾ ਵੀ ਸੀ ਕਿ ਜੇਕਰ ਸਮਾਨ ਪਸੰਦ ਨਾ ਆਵੇ ਤਾਂ ਖਰਚੇ ਸਮੇਤ ਵਾਪਸ ਹੋ ਸਕਦਾ ਹੈ। ਇਸ ਦੇ ਅਸਰ ਵਜੋਂ ਇਨਸਪੈਕਟਰ ਹੀਰਾ ਲਾਲ ਹੋਰੀਂ ਪੰਜਾਬੀ ਸਮਾਨ ਦੇ ਪੱਕੇ ਖਰੀਦਦਾਰ ਬਣ ਗਏ।

ਆਰਥਿਕ ਹਾਲਤ ਸੁਧਰ ਜਾਣ ਨਾਲ ਵਰਕਸ਼ਾਪ ਇਸ ਮੁਕਾਮ ਤੇ ਪਹੁੰਚ ਗਈ ਕਿ ਵਿਗਿਆਨ ਦੀ ਜਾਣਕਾਰੀ ਦੇ ਵਾਧੇ ਲਈ ਸਾਰੇ ਪੰਜਾਬ ਦੇ ਸਕੂਲਾਂ ਨੂੰ ੪ ਰੁਪਏ ਤੋਂ ਲੈ ਕੇ ੭ ਰੁਪਏ ਤੱਕ ਦਾ ਸਮਾਨ ਤੋਹਫੇ ਦੇ ਤੌਰ ਤੇ ਵਰਕਸ਼ਾਪ ਵਲੋਂ ਭੇਜਿਆ ਗਿਆ। ਉਸ ਵੇਲੇ ਦੇ ਪੰਜਾਬ ਵਿਚ ਕੁਲ ੫ ਸਕੂਲ ਇਨਸਪੈਕਟਰ ਸਨ ਜਿਨ੍ਹਾਂ ਨੂੰ ਗਸ਼ਤੀ ਚਿੱਠੀ ਰਾਹੀਂ ਵਰਕਸ਼ਾਪ ਵਿਚ ਬਣ ਰਹੇ ਸਮਾਨ ਸਬੰਧੀ ਜਾਣਕਾਰੀ ਦਿਤੀ ਗਈ, ਪਰ ਪੰਜਾਬ ਵਿਚੋਂ ਸਿਰਫ ਇਕ ਮਾਸਟਰ ਪਿਆਰੇ ਲਾਲ ਜਲੰਧਰ ਵਾਲਿਆਂ ਨੇ ਹੀ ਹੁੰਗਾਰਾ ਭਰਿਆ। ਬਾਕੀਆਂ ਨੇ ਤੇ ਰਸੀਦ ਭੇਜਣ ਦੀ ਖੇਚਲ ਵੀ ਨਹੀਂ ਕੀਤੀ। ਮਾਸਟਰ ਜੀ ਖੁਦ ਵਰਕਸ਼ਾਪ ਦੇਖਣ ਲਾਹੌਰ ਗਏ ਤੇ ਤਿੰਨ ਘੰਟੇ ਤਾਈਂ ਸਾਰੇ ਸਮਾਨ ਦੀ ਚੰਗੀ ਤਰ੍ਹਾਂ ਘੋਖ-ਪਰਖ ਕਰਦੇ ਰਹੇ।

੧੮੯੩ ਈ. ਦੀਆਂ ਗਰਮੀਆਂ ਵਿਚ ਸਾਹਨੀ ਹੋਰਾਂ ਨੂੰ ਪੂਨੇ ਤੋਂ ਪ੍ਰਸਿਧ ਸਮਾਜ ਸੇਵਕ ਸ੍ਰੀ ਨਾਮ ਜੋਸ਼ੀ ਦਾ ਸੱਦਾ ਪੱਤਰ ਮਿਲਿਆ। ਇਹ ਸੱਜਣ ਆਪਣੇ ਦੇਸ ਵਿਚ ਸਨਅਤ ਦੀ ਤਰੱਕੀ ਲਈ ਬਹੁਤ ਉੱਦਮ ਕਰ ਰਿਹਾ ਸੀ। ਇਹ ਇਕ ਅਜਿਹਾ ਮੌਕਾ ਸੀ ਜਿਥੋਂ ਪੰਜਾਬ ਸਾਇੰਸ ਇਨਸਟੀਚਿਊਟ ਨੂੰ ਮੁਲਕ ਦੀ ਪੱਧਰ ਤੇ ਮਾਣਤਾ ਪ੍ਰਾਪਤ ਹੋ ਸਕਦੀ ਸੀ। ਸਾਹਨੀ ਸਾਹਬ ਇਥੇ ਹੋ ਰਹੀ ਕਾਨਫਰੰਸ ਵਿਚ ਸ਼ਾਮਲ ਹੋਏ ਤੇ ਉਹਨਾਂ ਦੇ ਸੁਝਾ ਤੇ ਪੂਨੇ ਵਿਚ ਹੀ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਜਿਹੜੀ ਪੰਜਾਬੀ ਵਰਕਸ਼ਾਪ ਦੇ ਕੰਮ ਦਾ ਲੇਖਾ-ਜੋਖਾ ਕਰਦੀ। ਇਸ ਕਮੇਟੀ ਦੀ ਰਿਪੋਰਟ ਗੁਪਤ ਸੀ। ਪਰ ਸਾਹਨੀ ਸਾਹਬ ਨੂੰ ਭਿਣਕ ਪੈ ਗਈ ਕਿ ਕਮੇਟੀ ਦੀ ਰਿਪੋਰਟ ਮੁਢੋਂ-ਸੁਢੋਂ ਹੀ ਉਹਨਾਂ ਦੇ ਖਿਲਾਫ ਹੈ। ਰਿਪੋਰਟ ਵਿਚ ਲਿਖਿਆ ਸੀ ਕਿ ਐਨੇ ਉਚੇ ਪਾਏ ਦਾ ਸਮਾਨ ਲਾਹੌਰ ਵਿਚ ਤਾਂ ਕੀ ਹਿੰਦੁਸਤਾਨ ਵਿਚ ਕਿਧਰੇ ਹੀ ਨਹੀਂ ਸੀ ਬਣ ਸਕਦਾ। ਪੂਨੇ ਨੁਮਾਇਸ਼ ਵਿਚ ਰਖਿਆ ਸਮਾਨ ਬਰਤਾਨੀਆਂ ਤੋਂ ਲਿਆ ਕੇ ਆਪਣਾ ਰੰਗ-ਰੋਗਣ ਲਾ ਕੇ ਤੇ ਠੱਪੇ ਬਦਲ ਕੇ ਪ੍ਰਦਰਸ਼ਿਤ ਕੀਤਾ ਗਿਆ ਹੈ।

ਕਾਨਫਰੰਸ ਵੇਲੇ ਪ੍ਰਧਾਨ ਜੀ ਦੀ ਆਗਿਆ ਨਾਲ ਸਿਰਫ ੧੦ ਮਿੰਟ ਦੇ ਸਮੇਂ ਲਈ ਸਾਹਨੀ ਹੋਰੀਂ ਬੋਲਣ ਲਈ ਉਠੇ। ਉਹਨਾਂ ਕਿਹਾ ਕਿ ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋਈ ਕਿ ਅਸੀਂ ਲਾਹੌਰ ਵਿਚ ਬਰਤਾਨੀਆਂ ਦੇ ਵਲੈਤੀ ਸਮਾਨ ਵਰਗਾ ਸਾਇੰਸ ਦਾ ਸਮਾਨ ਬਣਾ ਸਕਦੇ ਹਾਂ। ਹੋਰ ਵੀ ਖੁਸ਼ੀ



Sri Satguru Jagjit Singh Ji eLibrary NamdhariElibrary@gmail.com

ਇਸ ਗਲ ਦੀ ਹੈ ਕਿ ਪੰਜਾਬ ਇਹ ਸਮਾਨ ਬਨਾਉਣ ਵਿਚ ਬੰਬਈ ਨਾਲੋਂ ਵੀ ਅੱਗੇ ਲੰਘ ਗਿਆ ਹੈ। ਉਹਨਾਂ ਕਾਨਫਰੰਸ ਅੱਗੇ ਤਿੰਨ ਸੁਝਾ ਰਖੇ।

੧. ਕਾਨਫਰੰਸ ਆਪਣੇ ਕਿਸੇ ਵੀ ਨੁਮਾਇੰਦੇ ਨੂੰ ਲਾਹੌਰ ਵਿਚ ਬਣਦਾ ਸਮਾਨ ਆਪਣੇ ਸਾਹਮਣੇ ਬਣਦਾ ਵੇਖਣ ਲਈ ਉਥੇ ਕੁਝ ਦਿਨ ਰਹਿਣ ਲਈ ਘੱਲੇ। ਜੇ ਉਹਦੀ ਤਸੱਲੀ ਨਾ ਹੋਵੇ ਤਾਂ ਵਰਕਸ਼ਾਪ ਵਾਲੇ ਉਹਨੂੰ ਦੂਜੇ ਦਰਜੇ ਦਾ ਰੇਲਵੇ ਕਿਰਾਇਆ ਆਪਣੇ ਪਲਿਉਂ ਦੇਣਗੇ।

੨. ਕਾਨਫਰੰਸ ਵਾਲੇ ਸਾਇੰਸ ਦੇ ਕਿਸੇ ਵੀ ਸਮਾਨ ਦਾ ਵੱਡਾ ਆਰਡਰ ਵਰਕਸ਼ਾਪ ਨੂੰ ਦੇਣ। ਕਿਉਂਕਿ ਸਾਡੇ ਸਮਾਨ ਦੀ ਕੀਮਤ ਬਜ਼ਾਰ ਨਾਲੋਂ ਅੱਧੀ ਹੈ ਤਾਂ ਤੁਹਾਨੂੰ ਖ਼ੁਦ-ਬਖ਼ੁਦ ਹੀ ਸਾਡੀ ਵਰਕਸ਼ਾਪ ਦੀ ਬਦੌਲਤ ਫਾਇਦਾ ਹੋਵੇਗਾ।

੩. ਲਾਹੌਰ ਵਰਕਸ਼ਾਪ ਦੇ ਹੈੱਡ ਮਿਸਤਰੀ ਨੂੰ ਪੂਨੇ, ਬੰਬਈ ਜਾਂ ਕਿਧਰੇ ਵੀ ਹੋਰ ਉਹਦੀ ਲੋੜ ਮੁਤਾਬਕ ਸੱਦ ਦਿਤੇ ਜਾਣ ਤੇ ਵੇਖਿਆ ਜਾਵੇ ਕਿ ਕੀ ਉਹ ਖ਼ੁਦ ਲੋੜੀਂਦਾ ਸਮਾਨ ਕਮਿਸ਼ਨ ਦੇ ਸਾਹਮਣੇ ਬਣਾ ਸਕਦਾ ਹੈ ਜਾਂ ਨਹੀਂ। ਇਸ ਸਮੇਂ ਦੀ ਤਨਖਾਹ ਵੀ ਵਰਕਸ਼ਾਪ ਖ਼ੁਦ ਹੀ ਦੇਵੇਗੀ।

ਪੰਜਾਬੀ ਮਾਂ ਦੇ ਪੁੱਤਰ ਦੀ ਇਹ ਵੰਗਾਰ ਸੁਣ ਕੇ ਸਾਰੇ ਹੀ ਭੌਂਚਲ ਗਏ ਤੇ ਬੜੌਦੇ ਦੇ ਪ੍ਰੋਫੈਸਰ ਮੌਦਿਕ ਨੇ ਸਾਹਨੀ ਹੋਰਾਂ ਨੂੰ ਜੱਫੀ ਪਾ ਲਈ। ਇਸ ਤੋਂ ਬਾਅਦ ਵਰਕਸ਼ਾਪ ਤੇ ਇਹਨਾਂ ਦੋਹਾਂ ਦਾ ਜੋੜ ਮੇਲ ਲੰਬੇ ਸਮੇਂ ਤੀਕਰ ਚਲਦਾ ਰਿਹਾ। ਹੌਲੀ ਹੌਲੀ ਪੰਜਾਬ ਦੀ ਇਹ ਵਰਕਸ਼ਾਪ ਧੁੰਮਾਂ ਪਾਉਂਦੀ ਹੋਈ ਅੱਗੇ ਵੱਧਦੀ ਹੋਈ ਸਿਖਰਾਂ ਛੋਹਣ ਲੱਗੀ। ਦੂਰ-ਦੁਰਾਡੇ ਦੇ ਸੂਬਿਆਂ ਤੋਂ ਵੀ ਇਸ ਦੇ ਸਮਾਨ ਦੀ ਮੰਗ ਵੱਧਣ ਲਗ ਪਈ।

੧੯੦੬ ਈ. ਦੀ ਕਲਕੱਤਾ ਸਨਅਤੀ ਨੁਮਾਇਸ਼ ਵੇਲੇ ਪ੍ਰੋਫੈਸਰ ਜਗਦੀਸ਼ ਚੰਦਰ ਬੋਸ ਸਾਇੰਸ ਦੇ ਸਮਾਨ ਦੀ ਪਰਖ ਕਰਨ ਲਈ ਬਤੌਰ ਜੱਜ ਸ਼ਾਮਲ ਸਨ। ਉਹਨਾਂ ਨੇ ਪੰਜਾਬ ਦੇ ਕੰਮ ਨੂੰ ਬਹੁਤ ਸਲਾਹਿਆ ਅਤੇ ਸੋਨੇ ਦਾ ਤਮਗਾ ਦੇ ਕੇ ਸਨਮਾਨਤ ਕੀਤਾ।

ਪ੍ਰੋਫੈਸਰ ਸਾਹਨੀ ਵਰਕਸ਼ਾਪ ਦੇ ਕੰਮ ਨੂੰ ਹੋਰ ਵਧਾਉਣਾ ਚਾਹੁੰਦੇ ਸਨ। ਉਹ ਦੂਰਬੀਨਾਂ ਤੇ ਖੁਰਦਬੀਨਾਂ ਤਿਆਰ ਕਰਨ ਬਾਬਤ ਸੋਚਦੇ ਰਹਿੰਦੇ ਸਨ। ਵਰਕਸ਼ਾਪ ਦੀ ਆਰਥਿਕ ਹਾਲਤ ਵੀ ਚੰਗੀ ਸੀ। ਉਹ ਇਕ ਵੱਡੀ ਰਕਮ ਲੈ ਕੇ ੧੯੧੪ ਈ. ਵਿਚ ਜਰਮਨੀ ਗਏ ਤਾਂ ਜੋ ਲੋੜੀਂਦਾ ਸਮਾਨ ਖਾਸ ਕਰਕੇ ਲੈਨਜ਼ ਲਿਆ ਸਕਣਾ ਪਰ ਬਦਕਿਸਮਤੀ ਨਾਲ ਉਦੋਂ ਹੀ ਪਹਿਲੀ ਸੰਸਾਰ ਜੰਗ ਛਿੜ ਪਈ। ਉਹ ਇਕ ਸਾਲ ਇੰਗਲੈਂਡ ਰਹਿ ਕੇ ਖੱਜਲ-ਖੁਆਰ ਹੋ ਕੇ ਵਾਪਸ ਪੰਜਾਬ ਆ ਗਏ।

ਏਸੇ ਹੀ ਸਮੇਂ ਲਾਹੌਰ ਵਿਚ ਹੀ ਵਿਗਿਆਨ ਦੇ ਵਾਧੇ ਅਤੇ ਪਸਾਰ ਲਈ ਇਕ ਨਵੀਂ ਸੰਸਥਾ (ਐਸ. ਪੀ. ਐਸ. ਕੇ.) ਹੋਂਦ ਵਿਚ ਆ ਗਈ। ਇਸ ਦੇ ਉਦੇਸ਼ ਵੀ ਤਕਰੀਬਨ ਪੰਜਾਬ ਸਾਇੰਸ ਸੰਸਥਾ ਵਰਗੇ ਹੀ ਸਨ। ਇਹ ਅਦਾਰਾ ਲਾਹੌਰ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਵਲੋਂ ਬਣਾਇਆ ਗਿਆ ਸੀ। ਇਸ ਦੇ ਪ੍ਰਧਾਨ ਸਨ ਡਾ. ਸੀ. ਸੀ. ਕਾਲਿਬ। ਦੂਜੇ ਬੰਨੇ ਪ੍ਰੋ. ਸਾਹਨੀ ਦਾ ਸਾਥੀ ਪ੍ਰੋਫੈਸਰ ਓਮਾਨ ਹਿੰਦੁਸਤਾਨ ਛਡ ਕੇ ਵਲੈਤ ਜਾ ਚੁਕਾ ਸੀ ਅਤੇ ਪ੍ਰੋਫੈਸਰ ਸਾਹਿਬ, ਸ. ਦਿਆਲ ਸਿੰਘ ਮਜੀਠੀਆ ਦੀ ਵਸੀਅਤ ਵਾਲੇ ਮੁਕਦਮੇ ਵਿਚ ਬੁਰੀ ਤਰ੍ਹਾਂ ਉਲਝ ਗਏ। ਇਹ ਮੁਕਦਮਾ ਤਕਰੀਬਨ ਦਸ ਸਾਲ ਤੀਕਰ ਚਲਦਾ ਰਿਹਾ। ਪੰਜਾਬ ਸਾਇੰਸ ਸੰਸਥਾ ਦੇ ਕਈ ਮੈਂਬਰ ਵੀ ਨਵੀਂ ਸੰਸਥਾ ਵਿਚ ਸ਼ਾਮਲ ਹੋ ਗਏ। ਕਿਉਂਕਿ ਇਕੋ ਥਾਂ ਤੇ ਇਕੋ ਹੀ ਉਦੇਸ਼ ਵਾਲੇ ਦੋ ਅਦਾਰੇ ਚਲਣੇ ਮੁਸ਼ਕਲ ਸਨ ਤੇ ਦੂਜੇ ਪਾਸੇ ਗੌਰਮਿੰਟ ਕਾਲਜ ਲਾਹੌਰ ਵਿਚ (ਜਿਥੇ ਪ੍ਰੋਫੈਸਰ ਸਾਹਨੀ ਪੜ੍ਹਾਉਂਦੇ ਸਨ) ਵੀ ਕੁਝ ਅਸਲੀ ਔਕੜਾਂ ਸਨ। ਇਸ ਕਰਕੇ ਪੰਜਾਬ ਸਾਇੰਸ ਇਨਸਟੀਚਿਊਟ ਨੂੰ ਚਲਦੇ ਰਖਣਾ ਵੱਸ ਤੋਂ ਬਾਹਰ ਦੀ ਗੱਲ ਹੋ ਗਈ। ਆਖਰਕਾਰ ਇਸ ਸੰਸਥਾ ਦੀ ਸਾਰੀ ਦੀ ਸਾਰੀ ਜਾਇਦਾਦ ਤੇ ਅਮਲਾ-ਫੈਲਾ ਡਾ. ਕਾਲਿਬ ਵਾਲੀ ਜਥੇਬੰਦੀ ਨੂੰ ਸੌਂਪ ਦਿਤੇ ਗਏ। ਇੰਜ ਤਕਰੀਬਨ ਤਿੰਨ ਦਹਾਕਿਆਂ ਦਾ ਉਹ ਸਮਾਂ ਸਮਾਪਤ ਹੋਇਆ ਜਦੋਂ ਪੰਜਾਬ ਨੇ ਵਿਗਿਆਨ ਦੇ ਖੇਤਰ ਵਿਚ ਵੀ ਆਪਣਾ ਮੋਹਰੀ ਸਥਾਨ ਬਾਖੂਬੀ ਮੱਲੀ ਰਖਿਆ।

(ਨਰਿੰਦਰ ਕੁਮਾਰ ਸਹਿਗਲ ਦੇ ਲੇਖ ਉਤੇ ਅਧਾਰਤ)



Sri Satguru Jagjit Singh Ji eLibrary NamdhariElibrary@gmail.com

# ਭਗਵਾਨ ਗੁਰੂ ਪ੍ਰਤਾਪ ਸਿੰਘ

—ਪੀ. ਐਸ. ਕੰਵਲ

ਮੈਂ ਗੁਰੂ ਪ੍ਰਤਾਪ ਸਿੰਘ ਜੀ ਨੂੰ ਭਗਵਾਨ ਕਿਉਂ ਲਿਖਿਆ, ਇਸ ਲਈ ਕਿ ਇਹਨਾਂ ਵਿਚ ਭਗਵਾਨ ਦੇ ਪੂਰੇ ਲੱਛਣ ਸਨ। ਉਦਾਹਰਣ : "ਜੱਸ, ਐਸ੍ਵਰਜ, ਵੈਰਾਗ, ਉਦਾਰ, ਲੱਛਮੀ, ਗਿਆਨ ਸੁਪੂਰਣ ਧਾਰ, ਈਸ਼ਵਰ ਕੇ ਗੁਣ ਖੱਟ ਏ ਜਾਣ, ਯਾ ਤੇ ਕਹੀਅਤ ਹੈ ਭਗਵਾਨ" (ਸੂਰਜ ਪ੍ਰਕਾਸ਼) ਅਤੇ ਗੁਰੂ ਅਰਜਣ ਦੇਵ ਜੀ ਨੇ ਆਦਿ ਗ੍ਰੰਥ ਵਿਖੇ ਲਿਖਿਆ ਹੈ—"ਖੱਟ ਲੱਖਣ ਪੂਰਣ ਪੁਰਖ" ਭਾਵ – ਛੇਆਂ ਲੱਕਸ਼ਣਾਂ ਵਾਲੇ ਪ੍ਰਾਨੀ ਨੂੰ ਭਗਵਾਨ ਦੀ ਉਪਾਧੀ ਨਾਲ ਸਨਮਾਨਿਆ ਹੈ। ਜਿਸ ਪ੍ਰਾਣੀ ਦਾ "ਜੱਸ" (ਕੀਰਤੀ) ਹੈ, 'ਐਸ਼ਵਰਜ', ਜੋ ਧਨ ਸੰਪਤੀ ਪਦਾਰਥਾਂ ਨਾਲ ਭਰਪੂਰ ਹੈ, "ਵੈਰਾਗ" ਜੋ ਨਾਮ ਦਾ ਵੈਰਾਗੀ ਹੈ, "ਉਦਾਰ" ਜੋ ਨਿਰਧਨ ਕੰਗਲੇ ਨੂੰ ਧਨੀ ਬਣਾ ਦੇਂਦਾ ਹੈ, ਲੱਛਮੀ ਸੁੰਦਰ ਇਸਤਰੀ ਹੈ। ਗਿਆਨ ਗਿਆਨੀਆਨ ਗਿਆਤਾ ਕੈ ਵਧਾਤਾ ਕੇ ਸਮਾਨ ਹੈ। ਸੁ ਉਪ੍ਰੋਕਤ ਲੱਛਣ ਗੁਰੂ ਪ੍ਰਤਾਪ ਸਿੰਘ ਜੀ ਵਿਚ ਮੌਜੂਦ ਸਨ।

ਗੁਰੂ ਪ੍ਰਤਾਪ ਸਿੰਘ ਮਹਾਰਾਜ ਦਾ ਪਹਿਲਾ ਦੌਰਾ ਪ੍ਰਦੇਸ ਜਨਵਰੀ ੧੯੫੩ ਵਿਚ ਈਸਟ ਅਫਰੀਕਾ ਦਾ ਹੋਇਆਂ। (ਕੀਨੀਆਂ ਵਿਖੇ) ਗੁਰੂ ਜੀ ਦੇ ਇਸ ਦੌਰੇ ਦਾ ਉਥੋਂ ਦੀ ਸਾਧ ਸੰਗਤ ਤੇ (ਗੁਰੂ ਜੀ ਦੀ ਸ਼ਖਸੀਅਤ ਦਾ) ਬੜਾ ਡੂੰਘਾ ਪ੍ਰਭਾਵ ਪਿਆ। ਮਾਨੋਂ ਪਿਆਸੇ ਪਪੀਹਿਆਂ ਨੂੰ ਗੁਰੂ ਜੀ ਦੇ ਮੁਖ ਤੇ ਉਚਾਰੇ ਹੋਏ ਸਾਂਝੇ ਬਚਨ ਉਪਦੇਸਾਂ ਨਾਲ ਕਲਜੁਗੀ ਜੀਵਾਂ ਨੂੰ ਅੰਮ੍ਰਿਤ ਭਰੀ ਸਵਾਂਤ ਬੂੰਦ ਪ੍ਰਾਪਤ ਹੋ ਗਈ। ਜੇਹੜੇ ਲੋਕ ਨਾਮਧਾਰੀਆਂ ਦਾ ਨਾਮ ਸੁਣ ਕੇ ਕ੍ਰੋਧਾਗਨੀ ਨਾਲ ਜਲ-ਬਲ ਜਾਂਦੇ ਸਨ ਉਹਨਾਂ ਲੋਕਾਂ ਦੀ ਗੁਰੂ ਜੀ ਤੇ ਅਟੁੱਟ ਸ਼ਰਧਾ ਬੱਝ ਗਈ।

ਉਹਨਾ ਦਿਨਾ ਵਿਚ ਈਸਟ ਅਫਰੀਕਨ ਨਾਮਧਾਰੀ ਸੰਗਤ ਦੇ ਸ੍ਰੀ ਲਾਲ ਸਿੰਘ ਜੀ ਸੂਬਾ ਸਥਾਪਤ ਸਨ। ਸਤਿਸੰਗ ਵੀ ਸੂਬਾ ਜੀ ਦੇ ਪਲਾਟ ਵਿਚ ਹੀ ਹੁੰਦਾ ਸੀ। ਇਹਨਾਂ ਦੇ ਇਕ ਕਮਰੇ ਵਿਚ ਗੁਰੂ ਗ੍ਰੰਥ ਦਾ ਪ੍ਰਕਾਸ਼ ਹੋਦਾ ਸੀ ਤੇ ਉਥੇ ਹੀ ਸੰਗਰਾਂਦ ਅਤੇ ਹਫਤਾਵਾਰ ਦੀਵਾਨ ਆਦਿ ਦਿਨ ਮਨਾਏ ਜਾਂਦੇ ਸਨ। ਸਤਿਗੁਰੂ ਜੀ ਦੇ ਇਸ ਦੌਰੇ ਕਾਰਨ ਸਾਧ ਸੰਗਤ ਦਾ ਪ੍ਰਭਾਉ ਬੜਾ ਵਧ ਗਿਆ ਸੀ ਅਤੇ ਹਰੇਕ ਦਾ ਮਨ ਚਾਹੁੰਦਾ ਸੀ ਕਿ ਗੁਰੂ ਜੀ ਨੂੰ ਫਿਰ ਬੁਲਾਇਆ ਜਾਵੇ। ਇਸ ਤਰ੍ਹਾਂ ਸਾਧ ਸੰਗਤ ਦੀ ਬਹੁਤੀ ਖਿਚ ਕਾਰਨ ਦੂਸਰੇ ਦੌਰੇ ਦਾ ਪ੍ਰੋਗਰਾਮ ੧੯੫੩ ਦੇ ਗਿਆਰਵੇਂ ਮਹੀਨੇ ਨਵੰਬਰ ਵਿਚ ਹੀ ਕਰ ਲਿਆ ਗਿਆ। ਭਾਵੇਂ ਸਤਿਗੁਰੂ ਜੀ ਭਾਰਤ ਵਿਚ ਬਹੁਤ ਰੁਝੇਵਿਆਂ ਵਿਚ ਸਨ। ਫਿਰ ਵੀ ਉਹਨੀ ਈਸਟ ਅਫਰੀਕਾ ਦੇ ਦੌਰੇ ਦੀ ਮਨਜ਼ੂਰੀ ਦੇ ਦਿਤੀ।

ਇਹਨਾਂ ਦੌਰਿਆਂ ਵਿਚ ਸਾਧ ਸੰਗਤ ਦਾ ਆਪਣਾ ਅਸਥਾਨ ਕੋਈ ਨਹੀਂ ਸੀ ਗੁਰੂ ਜੀ ਦੇ ਦੀਵਾਨਾਂ ਦਾ ਪ੍ਰਬੰਧ ਸੂਬਾ ਜੀ ਦੇ ਵੱਢੇ ਪਲਾਟ (ਪਾਰਕ ਲੈਂਡਜ) ਵਿਖੇ ਅਤੇ ਰਾਮਗੜ੍ਹੀਆ ਬੋਰਡ ਹਾਲ ਵਿਚ ਕੀਤਾ ਜਾਂਦਾ ਸੀ। ਇਸ ਸਮੇਂ ਗੁਰੂ ਜੀ ਨਾਲ ਪ੍ਰਚਾਰਕ ਸੰਤ ਨਿਧਾਨ ਸਿੰਘ ਜੀ "ਆਲਮ" ਤੇ ਪੰਡਤ ਗੁਪਾਲ ਸਿੰਘ ਜੀ ਸਨ ਅਤੇ ਹਜ਼ੂਰੀ ਕੀਰਤਨੀਏ ਸੰਤ ਦਰਸ਼ਨ ਸਿੰਘ ਤੇ ਸੰਤ ਖਜ਼ਾਨ ਸਿੰਘ ਜੀ ਸਨ। ਵਾਰਾ ਲਾਉਣ ਵਾਲੇ ਸੰਤ ਪ੍ਰੀਤਮ ਸਿੰਘ ਜੀ (ਪੱਦੀ) ਦਿਆਲ ਸਿੰਘ ਜੀ ਗਿਆਨ ਸਿੰਘ ਢੋਲਕ ਵਾਲੇ ਇਹ ਜੱਥਾ ਸੀ। ਸਾਰੇ ਹੀ ਅੰਮ੍ਰਿਤ ਵੇਲੇ ਕੀਰਤਨ ਦਾ ਰਸ ਬੰਨ੍ਹ ਦੇਂਦੇ ਸਨ। ਸੰਗਤ ਦੀ ਗਿਣਤੀ ਬੇ-ਸ਼ੁਮਾਰ ਹੋਣ ਲਗ ਪਈ। ਜਦ ਗੁਰੂ ਜੀ ਦੇ ਤਾਊਸ ਦੀਆਂ ਤਰਬਾਂ ਵਿਚੋਂ ਗੁਰਮਤ ਸ਼ਬਦ ਦਾ ਅਲਾਪ ਹੁੰਦਾ ਤਾਂ ਉਸ ਵੇਲੇ ਮੰਦ ਬੁਧਿ ਸੁੱਤਿਆਂ ਦਾ ਵੀ ਮਨ ਮਸਤੀ ਨਾਲ ਝੂਮ ਉਠਦਾ ਸੀ। ਏਹ ਤਾਂ ਕੀ ਮਾਨੋਂ ਇੰਦਰ ਸਭਾ ਦਾ ਸਿੰਘਾਸਣ ਸਮੇਤ ਗੰਦਰਭ ਅਪਸਰਾਂ ਨਾਲ ਗੁਰੂ ਜੀ ਦੇ ਅਲਾਪ ਸੁਰਾਂ ਨਾਲ ਮੋਹਿਤ ਹੋ ਕੇ ਉਥੇ ਧਰਤੀ ਤੇ ਆ ਗਿਆ ਸੀ।

ਸੁਗੰਧੀ ਭੁੰਚਣ ਵਾਲੇ ਮਸਤ ਭੌਰਿਆਂ ਲਈ ਸੰਗੀਤ ਇਕ ਗੁਲਾਬ ਦੇ 'ਫੁਲਾਂ ਦਾ ਇਤਰ ਹੈ ਜੋ ਇਹਨਾਂ ਦੇ ਅੰਦਰ ਬੈਠੀ ਆਤਮ ਜੋਤਿ ਨੂੰ ਪ੍ਰਮਾਤਮਾ ਨਾਲ ਮਿਲਾ ਦੇਂਦਾ ਹੈ। ਕਬੀਰ ਕਹਿੰਦਾ ਹੈ ;—"ਕਹਿ ਕਬੀਰ ਅੱਬ ਕਹੀਏ ਕਾਹਿ। ਸਾਧ ਸੰਗਤ ਬੈਕੁੰਠੇ ਆਹਿ"। ਬੇਕੁੰਠ ਉਹ ਸੰਗੀਤ ਹੁੰਦਾ ਹੈ, ਜੋ ਬ੍ਰਹਮ ਬਾਣੀ ਗੁਰੂ ਨਾਨਕ ਦੀ ਗ੍ਰੰਥ ਜੀ ਵਿਖੇ ਉਚਾਰੀ ਤੇ ਲਿਖੀ ਗਈ ਹੈ ਤੇ ਉਸ ਅਨੁਸਾਰ ਹੀ ਗਾਇਆ ਬਜਾਇਆ ਜਾ ਸਕੇ। ਸਤਿਗੁਰੂ ਜੀ ਨੇ ਆਪਣੇ ਹਜ਼ੂਰੀ ਰਾਗੀਆਂ ਨੂੰ ਐਸੇ ਹੀ ਗੁਰਬਾਣੀ ਨੂੰ ਰਾਗ-ਤਾਲ ਵਿਚ ਗਾਵਣ ਦੀ ਸੂਚਨਾ ਦਿਤੀ ਹੋਈ ਹੈ। ਅਰ ਉਹ ਗਾਉਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਭਗਵਾਨ ਸਤਿਗੁਰੂ ਜੀ ਨੂੰ ਗੁਰਮਤ ਸੰਗੀਤ ਨਾਲ ਬਹੁਤਾ ਗਾਹੜਾ ਪ੍ਰੇਮ ਸੀ ਜੈਸਾ ਗੁਰੂ ਅਰਜਨ ਦੇਵ ਜੀ ਨੇ ਤੇ ਨੌਵੇਂ ਗੁਰੂ ਤੇਗ ਬਹਾਦੁਰ ਜੀ ਨੇ ਸਾਰੀ ਬਾਣੀ ਸ਼ਾਸਤਰੀ ਰਾਗਾਂ ਤਾਲਾਂ ਵਿਚ ਲਿਖੀ ਅਤੇ ਗਾਈ ਹੈ। ਗੁਰਮਤ ਸੰਗੀਤ ਐਨਾ ਉਚਾ ਸੁੱਚਾ ਹੈ ਕਿ ਜਿਸ ਨੂੰ ਗ੍ਰੰਥ ਜੀ ਵਿਚ ੧੭ ਸਤਾਰਾ ਤਾਲਾਂ ਤੀਕ ਗਾਂਵਿਆ ਤੇ ਲਿਖਿਆ ਹੈ, ਯਕੀਨ ਕਰਨ ਲਈ ਪੜੋ ਮੇਰੀ ਲਿਖੀ ਪੁਸਤਕ "ਗੁਰਬਾਣੀ ਅਤੇ ਭਗਤ ਬਾਣੀ ਦੇ ਸੂਖਸ਼ਮ ਭੇਦ ਦਾ ਵਿਵੇਚਨ।"

ਇਸ ਗੁਰਮਤਿ ਸੰਗੀਤ ਨੂੰ ਕਾਇਮ ਰਖਣ ਹਿਤ ਹੀ ਭਗਵਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਰਤ, ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ) ਵਿਖੇ ੧੯੩੩ ਈਸਵੀਂ ਵਿਚ ਅੱਸੂ ਦੇ ਮਹੀਨੇ ਗੁਰਮਤਿ ਸੰਗੀਤ ਸੰਮੇਲਨ ਕਰਨ ਦਾ ਫੈਸਲਾ ਕੀਤਾ ਜਿਸ ਵਿਚ ਇਹ ਸ਼ਰਤ ਰਖੀ ਗਈ ਸੀ ਕਿ ਬਿਨਾ ਤੰਤੀ ਸਾਜ਼ ਤੇ ਹੋਰ ਹਰਮੋਨੀਅਮ ਆਦਿ ਨਹੀਂ ਬਜੇਗਾ ਅਤੇ ਜਿਹੜਾ ਰਾਗ-ਤਾਲ ਗੁਰਬਾਣੀ ਵਿਖੇ ਜਿਸ ਢੰਗ ਗੁਰੂ ਜੀ ਨੇ ਸ਼ਬਦਾਂ ਦਾ ਉਚਾਰਣ ਕੀਤਾ ਹੈ। ਉਸੀ ਸੁਰ-ਤਾਲ ਵਿਚ ਹੀ ਗਾਇਆ ਬਜਾਇਆ ਜਾਵੇ ਇਹ ਫੈਸਲਾ ਸੀ।

ਇਸ ਵਿਚ ਭਾਰਤੀ ਸੰਗੀਤਕਾਰਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਗੁਰੂ ਜੀ ਨੇ ਸੰਗੀਤ ਕਲਾ ਨੂੰ ਪਰਖਣ ਲਈ ਚਾਰ ਜੱਜ (ਪਾਰਖੂ) ਨੀਯਤ ਕੀਤੇ ਜਿਨਾਹ ਦੇ ਨਾਮ ਇਹ ਹਨ—ਭਾਈ ਕਾਹਨ ਸਿੰਘ ਜੀ (ਨਾਭਾ) (੨) ਮੁਕੰਦ ਸਿੰਘ ਜੀ ਰਈਸ ਸ਼ਿਮਲਾ। (੩) ਸੰਤ ਹੀਰਾ ਸਿੰਘ ਜੀ ਲੰਮੇ ਜਗੀਰ (੪) ਭਾਈ ਨਿਹਾਲ ਸਿੰਘ ਜੀ ਪਟਿਆਲਾ ਆਦਿ।

## ਭਗਵਾਨ ਗੁਰੂ ਦੀ ਉਦਾਰਤਾ

ਸੰਗੀਤ ਕਲਾ ਵਿਚੋਂ ਅੱਵਲ ਰਹਿਣ ਵਾਲੇ ਨੂੰ ਇਕ ਅੱਡੀ ਨਸਲ ਦੀ ਘੋੜੀ ਤੇ ੫੦੦ ਪੰਜ ਸੌ ਰੁਪਏ ਤੇ ਇਕ ਵਧੀਆ ਦੁਸ਼ਾਲਾ। (੨) ਇਕ ਤਾਜ਼ੀ ਸੂਈ ਹੋਈ ਮੱਝ ਤੇ ਦੁਸ਼ਾਲਾ ਤੇ ੨੦ ਰੁਪਏ। (੩) ਇਕ ਚੰਗੀ ਦੁਧਾਰੂ ਗਊ ਤੇ ੧੦੦ ਰੁਪਇਆ ਦੁਸ਼ਾਲਾ ਅਤੇ ਇਹਨਾਂ ਤੋਂ ਇਲਾਵਾ ਜਿਹਨਾਂ ਕਲਾਕਾਰਾਂ ਨੇ ਇਸ ਗੁਰਮਤ ਸੰਗੀਤ ਵਿਚ ਹਿਸਾ ਲਿਆ। ਉਹਨਾਂ ਸਭਨਾਂ ਨੂੰ ਇਕ ਇਕ ਦੁਧਾਰੂ ਗਊ ਚੰਗੀ ਨਸਲ ਦੀ ਦਿਤੀ ਤੇ ਆਵਣ ਜਾਣ ਦਾ ਖਰਚਾ ਭਾੜਾ ਤੇ ਸਿਰੋਪਾਉ ਦੇ ਕੇ ਵਿਦਾ ਕੀਤਾ। ਇਸ ਕਾਨਫਰੰਸ ਨੂੰ ਦੇਖਣ ਵਾਲੇ ਨਾਮਧਾਰੀ ਵੀ ਉਚੇਚੇ ਚਾਉ ਨਾਲ ਆਏ ਸਨ।

## ਆਪ ਬੀਤੀ ਘਟਨਾ (ਗੁਰੂ ਜੀ ਦੀ ਅੰਤਰ ਯਾਮਤਾ)

ਏਸੇ ਤ੍ਰੰਵੰਜਾ ਦੇ ਦੌਰੇ ਤੇ ਰਾਮਗੜ੍ਹੀਆ ਬੋਰਡ ਹਾਲ ਵਿਖੇ ਦੀਵਾਨ ਲਗਾ ਹੋਇਆ ਰਾਤ ਦਾ ਵਕਤ ਸੀ, ਮੈਂ ਕਿਸੇ ਉਲਝੇਵੇਂ ਕਾਰਨ ਉਥੇ ਵਕਤ ਸਿਰ ਨਾ ਪਹੁੰਚ ਸਕਿਆ। ਜਦ ਮੈਂ ਪਛੜੇਵੇਂ ਕਾਰਨ ਜਲਦੀ ਜਲਦੀ ਉਥੇ ਪਹੁੰਚਾ ਤਾਂ ਦੀਵਾਨ ਸੰਗਤ ਨਾਲ ਗਹਿਮਾ ਗਹਿਮ ਸੀ। ਸਤਿਗੁਰੂ ਜੀ ਵੀ ਬਿਰਾਜਮਾਨ ਸਨ। ਦਰਸ਼ਨ ਸਿੰਘ, ਖਜ਼ਾਨ ਸਿਘ ਜੀ ਦਾ ਕੀਰਤਨ ਸੰਗਤ ਨੂੰ ਮੋਹਿਤ ਕਰੀ ਜਾ ਰਿਹਾ ਸੀ। ਮੈਂ ਹਾਲ ਦੇ ਕੋਲ ਖਲੋ ਕੇ ਦੇਖਿਆ ਤਾਂ ਉਥੇ ਦੋਹਾਂ ਗੁਰੂਆਂ ਦੇ ਆਸਣ ਲਗੇ ਹੋਏ ਸਨ। ਇਕੋ ਗੁਰੂ ਗ੍ਰੰਥ ਜੀ ਦਾ ਤੇ ਦੂਸਰਾ ਗੁਰੂ ਪ੍ਰਤਾਪ ਸਿੰਘ ਜੀ ਦਾ ਪਾਸ ਬੈਠੇ ਸੂਬਾ ਲਾਲ ਸਿੰਘ, ਭਾਈ ਵਜ਼ੀਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਗੁਰੂ ਜੀ ਦੇ ਆਸਣ ਕੋਲ ਸਸ਼ੋਭਤ ਸਨ। ਸੰਗਤ ਹਾਲ ਵਿਚ ਭਰ ਚਕ ਭਰੀ ਹੋਈ ਸੀ ਤਿੱਲ ਸੁਟਣ ਨੂੰ ਥਾਂ ਖਾਲੀ ਨਹੀਂ ਸੀ। ਮੈਂ ਅੰਦਰ ਲੰਘਣ ਲਗਾ 'ਰੁਕ ਗਿਆ ਤੇ ਖਿਆਲ ਆਇਆ ਕਿ ਅੰਦਰ ਤਾਂ ਦੋ ਗੁਰੂਆਂ ਦੇ ਆਸਣ ਲਗੇ ਹੋਏ ਸਨ ਤੇ ਜੇ ਮੈਂ ਪਹਿਲਾਂ ਮੱਥਾ ਭਗਵਾਨ ਗੁਰੂ ਨੂੰ ਟੇਕਿਆ ਤਾਂ ਗੁਰੂ ਗ੍ਰੰਥ ਜੀ ਦਾ ਨਿਰਾਦਰ ਸਮਝਿਆ ਜਾ ਸਕਦਾ ਹੈ ਤੇ ਜੇ ਗੁਰੂ ਗ੍ਰੰਥ ਜੀ ਨੂੰ ਟੇਕਿਆ ਤਾਂ ਮੇਰੇ ਗੁਰੂ ਪ੍ਰਤਾਪ ਸਿੰਘ ਜੀ ਦਾ ਅਪਮਾਨ ਹੋਵੇਗਾ।

ਮੈਂ ਇਹ ਸੋਚ ਉਥੇ ਦਰਵਾਜ਼ੇ ਬਾਹਰ ਹੀ ਖੜਾ ਹੋ ਗਿਆ ਤੇ ਦਿਲ ਵਿਚ ਖਿਆਲ ਉਠਿਆ ਗੁਰੂ ਜੀ ਏਥੇ ਆਉਣਗੇ ਤਾਂ ਮਥਾ ਟੇਕ ਲਵਾਂਗਾ। ਗੁਰੂ ਜੀ ਸਮਾਧੀ ਸਥਿਤ ਸਨ। ਉਹਨੀ ਮੈਨੂੰ ਖੜੇ ਨੂੰ ਦੇਖਿਆ ਤਕ ਨਾ ਸੀ, ਪਰ ਜਦ ਮੇਰੇ ਦਿਲ ਦੀ ਆਵਾਜ਼ (ਤਾਰ) ਉਥੇ ਪਹੁੰਚੀ ਗੁਰੂ ਜੀ ਦੀ ਸਮਾਧੀ ਖੁਲੀ ਤਾਂ ਝਟ ਹੀ ਕਿਸੇ ਬਹਾਨੇ ਤੇ ਬਿਨਾਂ ਸਾਥੀ ਇਕੱਲੇ ਹੀ ਉਠ ਕੇ ਬਾਹਰ ਜਿਥੇ ਮੈਂ ਆਸ਼ਾਂਵੰਦ ਖਲੋਤਾ ਸਾਂ ਸਰਦਲੋਂ ਬਾਹਰ ਗੁਰੂ ਅੰਤਰਯਾਮੀ ਉਥੇ ਆ ਕੇ ਮੇਰੇ ਪਾਸ ਖਲੋ ਗਏ ਤੇ ਮੈਂ ਵੀ ਬਿਨਾ ਦੇਰੀ ਚਰਨ ਪਰਸ ਆਪਣੀ ਇਛਾ ਪੂਰੀ ਕਰ ਲਈ। ਗੁਰੂ ਜੀ ਓਸੇ ਵੇਲੇ ਹੀ ਪਿਛਾਂ ਮੁੜ ਆਪਣੇ ਆਸਣ ਤੇ ਜਾ ਬਿਰਾਜੇ। ਮੈਂ ਵੀ ਉਸੇ ਵੇਲੇ ਅੰਦਰ ਜਾ ਕੇ ਸਟੇਜ ਤੇ ਟਾਈਮ ਲਿਆ ਕਿਉਂ ਸਟੇਜ ਆਪਣੀ ਹੀ ਸੀ, ਕੀਰਤਨ ਬੰਦ ਹੋ ਗਿਆ ਸੀ, ਮੈਂ ਗੁਰੂ ਅੰਤਰਯਾਮੀ ਦੀ ਉਪਮਾ ਵਿਚ ਇਹ ਹੇਠ ਲਿਖੇ ਕਵਿਤਾ ਵਿਚ ਚੰਦ ਸ਼ਬਦ ਪੜ੍ਹ ਕੇ ਸੁਣਾਏ।



Sri Satguru Jagjit Singh Ji eLibrary NamdhariElibrary@gmail.com

"ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥
ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥

ਇਹ ਕਵਿਤਾ ਪੜ੍ਹੀ ।

ਯਥਾ— ਜੀਵਨ ਦਾ ਲਾਲ ਆਇਆ ਜੀਵਣ ਦਾ ਦੇਣ ।
ਜੀਵਣ ਬਨੌਣ ਤੇ ਜੀਵਨ ਸਖੌਣ ਲਈ ।
ਜਮਾਨੇ ਦੇ ਜੀਵਨ 'ਚ ਜੀਵਨ ਪ੍ਰੇਮ ਲੈ ਕੇ ।
ਜੀਵਨ ਪ੍ਰਵਾਹ ਵਿਚੋਂ ਜੀਵਨ ਬਚੌਣ ਲਈ ।
ਕਾਇਰਤਾ ਦਾ ਜੀਵਨ ਉਖੇੜ ਵਿਚੋਂ ਜੀਵਨ ਦੇ,
ਜੀਵਨ ਸ੍ਵੈਅੰ ਰੁਖ ਜੀਵਨ ਪਲਟੌਣ ਲਈ ।
ਜੀਵਨ ਮਾਤਾ ਦਾ 'ਕੰਵਲ' ਜੀਵਨ ਵਸਾਇਆ ਨਗਰ,
ਏਕਤਾ ਸਿਖੌਣ ਗ੍ਰਿਸਤ ਜੀਵਣ ਚਲੌਣ ਲਈ ।
ਅਤੇ ਹਰੀ ਪ੍ਰਤਾਪ ਅਗੇ ਸੂਰਜ ਪ੍ਰਤਾਪ ਤੁੱਛ,
ਮਿਠੀ ਬਾਣੀ ਅਗੇ ਮੁੜਿ ਜਾਣ ਬਣ ਅਣੀਆਂ ।
ਦੋਯਾ ਦੇ ਫੁਹਾਰੇ 'ਕੰਵਲ' ਨੇਤ੍ਰਾਂ ਚੋਂ ਝਰਨ ਜਦ,
ਕੁਬੇਰ ਦੇ ਖਜਾਨਿਓ ਜਿਉਂ ਬਰਸ ਪੈਣ ਮਣੀਆਂ ।
ਮਰੇ ਪਏ ਕਾਇਰਾਂ ਨੂੰ ਕਰੀ ਸੁਰਜੀਤ ਜਾਣ,
ਮੇਹਰ ਬਰਸਾਤ ਦੀਆਂ ਪੈਣ ਜਦੋਂ ਕਣੀਆਂ ।
ਉਹੋ ਗੁਰ ਪਾਪੀਆਂ ਦੇ ਤਾਰਨੇ ਨੂੰ ਆਯਾ ਏਥੇ,
ਜਿਹਦੇ ਕੋਲੋਂ ਗੀਤਾ ਗ੍ਰੰਥ ਗੁੰਗਿਆਂ ਨੇ ਭਣੀਆਂ ।

ਨੋਟ—ਇਹ ਕਵਿਤਾ ਅਫਰੀਆਂ ਅੰਕ ਦੇ ਪੰਨਾ (੫੦) ਤੇ ਛਪੀ ਹੋਈ ਹੈ ।

## ਗੁਰੂ ਜੀ ਦੀ ਸ਼ਖਸੀਅਤ ਦਾ ਪ੍ਰਭਾਉ

ਏਸੇ ਹੀ ਰਾਮਗੜ੍ਹੀਆਂ ਬੋਰਡ ਹਾਲ ਨੈਰੋਬੀ ਕੀਨੀਆ ਵਿਚ ਦੀਵਾਨ ਸੀ । ਦਰਸ਼ਨ ਸਿੰਘ ਤੇ ਖਜ਼ਾਨ ਸਿੰਘ ਜੀ ਕੀਰਤਨ ਕਰ ਰਹੇ ਸਨ । ਸੰਗਤ ਹੁੰਮ-ਹੁਮਾ ਚਲੀ ਆ ਰਹੀ ਸੀ । ਕੁਛ ਪੰਦਰਾਂ ਵੀਹ ਗੈਰ ਨਾਮਧਾਰੀ ਸਜਣ ਬਾਹਰ ਖਲੋਤੇ ਆਪਸ ਵਿਚ ਗੁਰੂ ਜੀ ਦੇ ਬਿਪਰੀਤ ਮਸ਼ਵਰੇ ਝਾੜ ਰਹੇ ਸਨ । ਕੋਈ ਕਹੇ ਓ ਉਹਨਾਂ ਨੂੰ ਮੱਥਾ ਨਹੀਂ ਟੇਕਣਾ ਚਾਹੀਦਾ ਕਿਉਂ, ਇਹ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ, ਸਿਰ ਚੋਰੀ ਕਰੌਂਦੇ ਹਨ । ਇਤਆਦਿ ਗੱਲਾਂ ਕਰ ਰਹੇ ਸਨ ਤਾਂ ਗੁਰੂ ਜੀ ਦੀ ਕਾਰ ਵੀ ਆ ਪਹੁੰਚੀ, ਜਿਉਂ ਹੀ ਗੁਰੂ ਜੀ ਕਾਰ ਦੀ ਖਿੜਕੀ ਵਿਚੋਂ ਬਾਹਰ ਨਿਕਲੇ ਤਾਂ ਸਭ ਤੋਂ ਪਹਿਲਾਂ ਬੰਦਿਆਂ ਉਹਨਾਂ ਨੇ ਹੀ ਮੱਥਾ ਟੇਕਿਆ ਚਰਨ ਪਰਸੇ ਤੇ ਆਸ਼ੀਰਵਾਦ ਲਿਆ ।

## ਪੁਰਾਣੀ ਯਾਦ !

ਐਸੀ ਇਕ ਘਟਨਾ ਭਾਰਤ ਵਿਚ ਪਿੰਡ ਮੁਠੱਡਾ ਕਲਾਂ (ਜਲੰਧਰ) ਵਿਖੇ ਹੋਈ । ਇਹ ਓਦੋਂ ਦੀ ਗੱਲ ਹੈ, ਜਦ ਚੱਕਰਵਰਤੀ ਜੀ ਦਾ ਹਾਲੇ ਵਿਆਹ ਹੋਇਆ ਹੀ ਸੀ । ਇਸ ਪਿੰਡ ਦੇ ਸੂਬਾ ਸੰਤ ਸਹੀਆ ਸਿੰਘ ਜੀ ਸਨ । ਦੀਵਾਨ ਦਾ ਇਕ ਜਟਾਂ ਦੀ ਹਵੇਲੀ ਖੁਲੀ ਜਗਾ ਵਿਚ ਇੰਤਜਾਮ ਸੀ । ਅੰਦਰ ਜਾਣ ਲਈ ਕੇਵਲ ਇਕੋ ਹੀ ਫਾਟਕ ਲਗਾ ਹੋਇਆ ਸੀ ।

ਮੇਰਾ ਸਾਥੀ ਬਾਬਾ ਜੀ ਗੁਰਦਿਤ ਸਿੰਘ ਪਿੰਡ ਸਾਹਨੀ (ਕਪੂਰਥਲਾ) ਦਾ ਸੀ। ਕੀਰਤਨ ਹੋ ਰਿਹਾ ਸੀ । ਹਾਲੇ ਸਤਿਗੁਰੂ ਪ੍ਰਤਾਪ ਸਿੰਘ ਆਏ ਨਹੀਂ ਸਨ । ਬਾਬਾ ਗੁਰਦਿਤ ਸਿੰਘ ਜੀ ਨੇ ਮੈਨੂੰ ਪੁਛਿਆ ਕਿ ਏਥੇ ਸਾਨੂੰ ਮੱਥਾ ਟੇਕਣਾ ਪਵੇਗਾ ? ਮੇਰਾ ਉਤਰ ਸੀ ਕਿ ਜਦ ਹੋਰ ਸੰਗਤ ਟੇਕੇਗੀ ਤਾਂ ਸਾਨੂੰ ਵੀ ਚਾਹੀਦਾ ਹੈ ਕਿ ਟੇਕੀਏ । ਉਸ ਦਾ ਉਤਰ ਸੀ ਕਿ ਮੈਂ ਤਾਂ ਮੱਥਾ ਟੇਕੂੰਗਾ ਜੇ ਉਹ ਮੈਨੂੰ ਫਤੇਹ ਬੁਲੌਣਗੇ । ਅਸੀਂ ਅੰਦਰ ਜਾਣ ਵਾਲੇ ਦਰਵਾਜ਼ੇ ਦੇ ਕੋਲ ਹੀ ਖੜੇ ਸਾਂ ਤਾਂ ਸਤਿਗੁਰੂ ਜੀ ਅੰਤਰਯਾਮੀ ਦੀ ਕਾਰ ਸਣੇ ਸਤਿਕਾਰ ਯਗ ਸੰਤਾਂ ਨਾਲ ਭਰੀ ਆ ਗਈ, ਗੁਰੂ ਜੀ ਜਿਉਂ ਹੀ ਅੰਦਰ ਲੰਘਣ ਲਗੇ ਤਾਂ ਉਹਨੀ ਬਾਬਾ ਗੁਰਦਿਤ ਸਿੰਘ ਅਕਾਲੀ ਨੂੰ ਮੁਖਾਤਬ ਹੋ, ਫਤੇਹ ਬੁਲਾਈ ਬਸ ਅਕਾਲੀ ਜੀ ਤਾਂ ਮੋਹਿਤ ਹੋ ਗਏ ਮੱਥਾ ਵੀ ਟੇਕਿਆ ਤੇ ਕੀਰਤਨ ਵੀ ਸਾਰਾ ਹੀ ਸੁਣਿਆ ।

ਉਥੇ ਉਦੋਂ ਬਾਬਾ ਜਗਜੀਤ ਸਿੰਘ ਦਾ ਅਨੰਦ ਕਾਰਜ ਵੀ ਹੋਇਆ ਸੀ ।

## ਗੁਰੂ ਜੀ ਦੇ ਭਵਿੱਖਤ ਵਾਕ

ਲਿਖਣ ਤੋਂ ਭਾਵ ਹੈ ਕਿ ਗੁਰੂ ਪ੍ਰਤਾਪ ਸਿੰਘ ਜੀ ਪੂਰਨ ਗੁਰੂ ਸਨ ਘਟ ਘਟ ਦੀ ਜਾਨਣ ਹਾਰੇ ਸਨ । ਓਨ੍ਹੀ ਸਾਨੂੰ ਖਾਸ ਕਰ ਇਹ ਗਲ ਕਹੀ ਸੀ ਕਿ ਅਸੀਂ ਦੀਵਾਨਾਂ ਵਿਚ ਏਦਾਂ ਦੀਆਂ ਗਲਾਂ ਨਹੀਂ ਕਹਿ ਸਕਦੇ, ਏਥੇ ਤੁਹਾਨੂੰ ਦਸਦੇ ਹਾਂ ਖਿਆਲ ਰਖਿਓ, ਏਥੇ ਬੜਾ ਭਿਆਨਕ ਸਮਾਂ ਆਉਣ ਵਾਲਾ ਹੈ ਬਚ ਕੇ ਰਹੋ ਅਕਾਲ ਪੁਰਖ ਨੂੰ ਸਦਾ ਯਾਦ ਰਖਣਾ ਸਿਮਰਣ ਕਰੀ ਜਾਣਾ ਫਿਰ ਤੁਹਾਡਾ ਵਾਲ ਵਿੰਗਾਂ ਵੀ ਨਹੀਂ ਹੋਵੇਗਾ । ਜੋ ਨਾਮ ਦੀ ਕਿੱਲੀ ਨਾਲ ਜੁੜੇਗਾ ਉਹ ਪੀਸਿਆ ਨਹੀਂ ਜਾਵੇਗਾ ।

ਉਹਨਾਂ ਦਿਨਾਂ ਵਿਚ ਕੀਨੀਆ ਦੇ ਯੋਮੋ ਕੰਨਿਆਟਾ



Sri Satguru Jagjit Singh Ji eLibrary NamdhariElibrary@gmail.com

ਦੀ ਪਾਰਟੀ ਕਬੀਲਾ ਕਿਕੂਈਓ, ਅੰਗਰੇਜ਼ਾਂ ਨੂੰ ਦੇਸੋਂ ਕਢਣ ਦੇ ਆਹਰ ਲਗੀ ਹੋਈ ਸੀ। ਗੁਰੂ ਜੀ ਤਾਂ ਭਾਰਤ ਮੁੜ ਗਏ ਮਗਰੋਂ ਉਥੇ ਐਸਾ ਘਲੂ ਘਾਰਾ ਮਚਿਆ, ਲੁੱਟਾਂ ਮਾਰਾਂ, ਮਾਰ ਵੱਢ ਚਾਲੂ ਹੋ ਗਈ। ਕਈ ਸਾਡੇ ਬੇਵਿਸ਼ਵਾਸੇ ਬੰਦੇ ਵੀ ਮਾਰੇ ਗਏ। ਅੰਗਰੇਜ਼ਾਂ ਨੂੰ ਤਾਂ ਮਾਰਨਾ ਹੀ ਸੀ ਪਰ ਭਾਰਤੀ ਲਕੜੀ ਦੇ ਘੁਣ ਵਾਂਗ ਵਿਚੋਂ ਹੀ ਪੀਸੇ ਗਏ। (ਜਲ ਗਏ) ਬਜ਼ਾਰਾਂ ਵਿਚੋਂ ਤੁਰੇ ਜਾਂਦਿਆਂ ਦੀਆਂ ਘੜੀਆਂ ਗਹਿਣੇ ਆਦਿ ਦਿਨ ਦਿਹਾੜੇ ਲੁਟੇ ਜਾਣ ਲਗੇ, ਅੰਗਰੇਜ਼ਾਂ ਨੇ ਬਥੇਰੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਹੀਂ ਮਿਲੀ। ਆਖਰ ੧੯੬੩ (ਈਸਵੀਂ) ਵਿਚ ਰਾਜ ਉਨ੍ਹਾਂ ਨੇਟਵਾਂ ਦੇ ਹਵਾਲੇ ਕਾਰਨ ਹੀ ਪਿਆ।

## ਭਗਵਾਨ ਗੁਰੂ ਜੀ ਦੀ ਦਿਆਲਤਾ

ਇਕ ਦਿਨ ਮੈਂ, ਪੰਡਤ ਗੁਪਾਲ ਸਿੰਘ, ਗ੍ਰੰਥੀ ਲਾਲ ਸਿੰਘ ਚੀਮਿਆਂ ਜਲੰਧਰ ਵਾਲੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨੈਰੋਬੀ ਸਿਟੀ ਪਾਰਕ ਵਿਖੇ ਭੂਲ ਭੂਲਈਆਂ ਦੇਖਣ ਗਏ। ਜਦ ਵਿਚੋਂ ਬਾਹਰ ਆਏ ਤਾਂ ਗੁਰੂ ਜੀ ਨੇ ਬਚਨ ਕੀਤਾ ਵਈ ਇਸ ਜਪੁਜੀ ਦੀ ਤੁਕ ਦਾ ਕੀ ਅਰਥ ਹੈ ? ਤੁੱਕ ਸੀ "ਨਾਨਕ ਨਿਰਗੁਣ ਗੁਣ ਕਰੇ, ਗੁਣ ਵੰਤਿਆਂ ਗੁਣ ਦੇਹ" ਆਦਿ ਸਾਰਿਆਂ ਨੇ ਆਪਣੀ ਬੁਧਿ ਅਨੁਸਾਰ ਅਰਥ ਕੀਤੇ, ਭਾਵੇਂ ਇਸ ਤੁਕ ਦੇ ਅਰਥ ਕੋਈ ਗੁੰਝਲਦਾਰ ਨਹੀਂ, ਪਰ ਉਸ ਵੇਲੇ ਸੂਰਜ ਪ੍ਰਤਾਪ ਅਗੇ ਦੀਵੇ ਦੀ ਲੋਅ ਮੱਧਮ ਪੈ ਗਈ। ਕਿਸੇ ਤੋਂ ਵੀ ਤਸੱਲੀਬਖਸ਼ ਅਰਥ ਨਹੀਂ ਹੋਇਆ। ਇਹ ਤੁਕ ਗੁਰੂ ਜੀ ਨੇ ਮੇਰੇ ਤੇ ਘਟਾਈ ਜਾਪਦੀ ਸੀ। ਮੈਨੂੰ ਬਾਦ ਵਿਚ ਇਸ ਦਾ ਅਨਭਵ ਹੋਇਆ ਤੇ ਅਰਥ ਫੁਰ ਪਿਆ। ਜੋ ਐਸੇ ਹੈ : ਗੁਰੂ ਦੀ ਕਿਰਪਾ (ਮੇਹਰ) ਹੋਵੇ ਤਾਂ ਗੁਰੂ ਜਿਸ ਵਿਚ ਕੋਈ ਗੁਣ ਨਹੀਂ ਉਸ ਵਿਚ ਗੁਣ ਭਰ ਦੇਂਦਾ ਹੈ, ਤੇ ਜਿਸ ਵਿਚ ਗੁਣ ਹੋਣ ਉਸਨੂੰ ਹੋਰ ਗੁਣ ਦੇ ਦੇਂਦਾ ਹੈ। ਇਸ ਲਈ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਮੇਹਰ ਨਾਲ ਕੁਛ ਵੀ ਪ੍ਰਾਪਤ ਕਰ ਸਕਿਆ ਹਾਂ ਜਿਵੇਂ ਕੁਰਸ਼ੇਤਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਮੂਰਖ ਛੱਜੂ ਗੁੰਗੇ ਝੀਵਰ ਤੋਂ ਗੀਤਾ ਅਤੇ ਵੇਦਾਂ (ਸਿਰ ਤੇ ਛੱਟੀ ਰਖਕੇ) ਅਰਥ ਕਰਵਾ ਦਿਤੇ ਸਨ।

ਨੈਰੋਬੀ (ਕੀਨੀਆਂ) ਦੇ ਸਿੱਖ ਯੂਨੀਅਨ ਵਿਖੇ ਹਾਕੀ ਦਾ ਮੈਚ ਹੋਇਆ ਤਾਂ ਯੂਨੀਅਨ ਨੇ ਕੱਪ ਜਿੱਤ ਲਿਆ। ਓਹਨਾਂ ਮੁੰਡਿਆਂ ਦੀ ਟੀਮ ਨੇ ਕੱਪ ਜਿੱਤਣ ਦੀ ਖੁਸ਼ੀ ਵਿਚ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਆਮੰਤ੍ਰਿਤ ਕੀਤਾ। ਗੁਰੂ ਜੀ ਤੇ ਸਿੱਖ ਸੇਵਕ ਤੇ ਹੋਰ ਸਾਧ-ਸੰਗਤ ਓਥੇ ਪਹੁੰਚ ਗਏ। ਯੂਨੀਅਨ ਦੇ ਪ੍ਰਬੰਧਕਾਂ ਪਤਵੰਤੇ ਸੱਜਣਾਂ ਨੇ ਗੁਰੂ ਜੀ ਦੀ ਸ਼ਖਸੀਅਤ ਦੀ ਆਪਣੀ ਸਪੀਚ ਦੁਆਰਾ ਬੜੀ ਰੱਜ ਕੇ ਪ੍ਰਸੰਸਾ ਕੀਤੀ, ਕਿਉਂਕਿ ਮੈਨੂੰ ਸਕੱਤਰ ਦੀ ਸੇਵਾ ਮਿਲੀ ਹੋਈ ਸੀ, ਮੇਰੇ ਦਿਲ ਨੇ ਵੀ ਓਥੇ ਗੁਰੂ ਜੀ ਦਾ ਜੱਸ ਕਹਿਣ ਲਈ ਮਜਬੂਰ ਕੀਤਾ ਤਾਂ, ਮੈਂ ਏਹ 'ਗ਼ਜ਼ਲ ਪੜ੍ਹੀ'—

ਸੋਹਣੀ ਸ਼ਾਂਤਿ ਮੂਰਤ ਹੈ ਜਿਓਤੀ ਦੇਵ ਸੰਤਨ ਕੀ,
ਮਾਨੋਂ ਅਰਸ਼ ਤੋਂ ਆਕਰ ਇੰਦਰ ਸਭਾ ਲਗਾਈ ਹੈ।

ਸਿਤਾਰੋਂ ਕੀ ਭਰੀ ਮਹਿਫਲ ਮੇਂ ਰੌਸ਼ਨ ਚਾਂਦ ਚੌਦਸ ਕਾ,
ਅਤਾਰਦ ਨੇ ਮੁਨੱਵਰ ਸੂਰਤ ਆਪਣੀ ਆ ਦਿਖਾਈ ਹੈ।

ਜਿਸਕੇ ਨਾਮ ਸਿਮਰਨ ਕੀ ਗੂੰਜ ਚਾਰੋਂ ਕੂੰਟ ਮੇਂ ਗਰਜੀ,
ਸਮਝ ਕਰ ਸ਼ਕਤਿ ਬਿਸ਼ਨੂੰ ਕੀ ਝੁਕੀ ਜਾਤੀ ਲੁਕਾਈ ਹੈ।

ਹਰੀ ਪ੍ਰਤਾਪ ਸੂਰਜ ਹੈ ਭਾਰਤ ਕਾ ਹਰਨ ਦੁਖ ਆਇਆ,
ਬਚਾਨੇ ਕਾਲ ਸੇ ਦੁਨੀਆ ਗਲੇ ਮੇਂ ਮਾਲਾ ਪਾਈ ਹੈ।

ਇਸਕੀ ਬਾਣੀ ਕੇ ਬਾਣੋਂ ਸੇ ਸ਼ੋਅਲੇ ਸੀਤ ਹਿਮ ਬਣ ਗਏ,
ਕ੍ਰੋਧ ਕੀ ਜਲਨ ਜੀਵ ਕੀ ਸੁਧਾਸੀ ਕਰ ਦਿਖਾਈ ਹੈ।

ਜਿਸਕੋ ਢੂੰਡਤੀ ਹੈ ਦੁਨੀਆਂ 'ਕੰਵਲ' ਵਹਿ ਯੇਹ ਸਤਿਗੁਰ.ਹੈ
ਕਿ ਜਿਸਮੇਂ ਦਿਲਕਸ਼ੀ ਹੈ, ਦਿਲਬਰੀ ਹੈ, ਦਿਲਰੁਬਾਈ ਹੈ॥

ਇਸਦੀ ਪ੍ਰਸੰਸਾ ਮੇਰੇ ਪਿਛੇ ਬੈਠੇ ਸੰਤ ਖਜਾਨ ਸਿੰਘ ਜੀ ਰਾਗੀ ਨੇ 'ਵਨਸ ਮੋਰ'(ਇਕ ਵਾਰ ਹੋਰ) ਕਹਿਕੇ ਦੁਬਾਰਾ ਸੁਣੀ।

ਭਗਵਾਨ ਸਤਿਗੁਰੂ ਜੀ ਨੇ ਹਾਕੀ ਟੀਮ ਦੇ ਪਲੇਅਰਾਂ ਨੂੰ ਪੰਜ ਸੌ ਰੁਪਿਆ ਕੇਵਲ ਘਿਓ ਬਦਾਮਾਂ ਲਈ ਭੇਟਾ ਕੀਤਾ ਤੇ ਕਿਹਾ—"ਮੈਂ ਬੀ ਘੁਲਦਾ ਰਿਹਾਂ ਦੰਗਲਾਂ 'ਚ ਨਹੀਂ ਪਰ ਤੁਹਾਡੇ 'ਪੱਟ' ਮੈਨੂੰ ਕਮਜੋਰ ਮਲੂਮ ਹੁੰਦੇ ਹਨ ਮੇਹਨਤ ਕਰਿਆ ਕਰੋਗੇ ਤਾਂ ਹਮੇਸ਼ਾ ਜਿੱਤਾਂ ਪ੍ਰਾਪਤ ਕਰੋਗੇ।" ਇਹ ਵਰ ਦਿਤਾ।

ਗੁਰੂ ਪ੍ਰਤਾਪ ਸਿੰਘ ਜੀ ਦੀ ਹਾਕੀ ਪਲੇਅਰਾਂ ਨਾਲ ਫੋਟੋ 'ਸਤਿਜੁਗ' ਦੇ ਅਫ਼ਰੀਕਾ ਅੰਕ ਵਿਚ ਛਪੀ ਹੋਈ ਹੈ, ਜਿਸ ਵਿਚ ਮੇਰੀ ਲਿਖੀ "ਕੀਨੀਆ ਦੇ ਭੂਗੋਲ" ਸਹਿਤ ਦੌਰੇ ਦੀ ਰਪੋਟ ਵੀ। (ਦੇਖੋ ਪੰਨਾ ੭੯ ਤੇ ਫੋਟੋ)

... ... ...



Sri Satguru Jagjit Singh Ji eLibrary NamdhariElibrary@gmail.com

ਅਪੁਨੇ ਸੇਵਕ ਕੀ ਆਪੇ ਰਾਖੈ,
ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ,
ਤਹਾ ਤਹਾ ਉਠਿ ਧਾਵੈ ॥ ੨ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
(ਆਸਾ ਮ: ੫)

ਸੂਬਾ ਲਾਲ ਸਿੰਘ ਜੀ ਨੇ ਮੈਨੂੰ ਇਕ ਆਪ-ਬੀਤੀ ਗੱਲ ਸੁਣਾਈ, ਕਿਹਾ—ਕਿ ਮੈਂ ਰਾਏਕੋਟ (ਲੁਧਿਹਾਣੇ) ਰਹਿੰਦਾ ਸੀ, ਜਿਥੇ ਏਹ ਵਾਰਦਾਤ ਹੋਈ ਮੈਨੂੰ ਥਾਂ ਯਾਦ ਨਹੀਂ ਰਿਹਾ। ਕਾਫੀ ਦੇਰ ਦੀ ਗੱਲ ਹੈ। ਸੂਬਾ ਜੀ ਨੇ ਕਿਹਾ—ਉਸ ਥਾਂ ਧਰਮਸਾਲਾ ਵਿਚ ਕੁਛ ਲੈਣ ਲਈ ਮੈਂ ਆਪਣੇ ਕਿਸੇ ਰਿਸ਼ਤੇ-ਦਾਰ ਨਾਲ ਗਿਆ। ਉਹ ਸਾਧਾਂ ਦੀ ਧਰਮਸਾਲਾ ਸੀ। ਸਾਧਾਂ ਨੇ ਆਪਣੀ ਜਾਦੂਗਰੀ ਨਾਲ ਲੋਕਾਂ ਤੇ ਕਾਫੀ ਪ੍ਰਭਾਵ ਪਾਇਆ ਹੋਇਆ ਸੀ। ਮੇਰੇ ਨਾਲ ਵੀ ਉਸ ਸਾਧ ਦੀ ਨੋਕ-ਝੋਕ ਹੋ ਗਈ। ਉਸ ਨੇ ਮੈਨੂੰ ਵੀ ਮਾਰਨੇ ਦੀ ਧਮਕੀ ਦਿਤੀ। ਮੈਂ ਲੋਕਾਂ ਦੀਆਂ ਗੱਲਾਂ ਸੁਣ ਕੇ ਘਬਰਾ ਗਿਆ। ਜਿਥੇ ਮੇਰਾ ਸੌਣ ਦਾ ਕਮਰਾ ਸੀ ਉਸ ਅੱਗੇ ਪਿੱਪਲ ਦਾ ਦਰਖਤ ਲਗਾ ਹੋਇਆ ਸੀ। ਮੈਂ ਰਾਤ ਫਿਕਰ ਵਿਚ ਪੈ ਕੇ ਸੱਚੇ ਪਾਤਸ਼ਾਹ ਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕਰਨ ਲਗਾ। ਮੈਂ ਮੰਜੇ ਤੇ ਬੈਠਾ ਮਾਲਾ ਫੇਰੀ ਜਾਵਾਂ, ਨੀਂਦ ਆਵੇ ਨਾ। ਕੁਛ ਰਾਤ ਗਈ ਤਾਂ ਮੈਂ ਕੀ ਦੇਖਦਾ ਹਾਂ ਕਿ ਮੇਰੇ ਬੂਹੇ ਅਗੇ ਬਲਦੀ ਹੋਈ ਅੱਗ ਦੀ ਲਾਟ ਅੰਦਰ ਆਉਣ ਲਗੀ ਤਾਂ ਸਾਹਮਣੇ ਮੈਨੂੰ ਗੁਰੂ ਪ੍ਰਤਾਪ ਸਿੰਘ ਜੀ ਆਏ ਦਿਸੇ। ਉਹਨੀਂ ਅੱਗ ਨੂੰ ਫੜ ਕੇ ਪਿੱਪਲ ਦੀਆਂ ਜੜ੍ਹਾਂ ਵਿਚ ਮਾਰਿਆ। ਕੁਛ ਦੇਰ ਠਹਿਰ ਅੱਗ ਫਿਰ ਦੁਬਾਰਾ ਬੜੇ ਜ਼ੋਰ-ਸ਼ੋਰ ਨਾਲ ਆਈ। ਗੁਰੂ ਜੀ ਨੇ ਫਿਰ ਪਕੜ ਕਰ ਐਸਾ ਭੁਆਂ ਕੇ ਪਿੱਪਲ ਦੀਆਂ ਜੜ੍ਹਾਂ ਵਿਚ ਮਾਰਿਆ... ਮੁੜ ਉਠ ਨਾ ਸਕੀ। ਮੈਂ ਉਠ ਕੇ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਬਾਹਰ ਆਇਆ ਤਾਂ ਗੁਰੂ ਜੀ ਗਾਇਬ ਹੋ ਗਏ। ਮੈਂ ਪਿੱਪਲ ਦੀਆਂ ਜੜ੍ਹਾਂ ਦਾ ਥਾਂ ਸੜਿਆ ਹੋਇਆ ਦੇਖਿਆ।

ਫਿਰ ਜਦ ਮੈਂ ਦੂਸਰੇ ਦਿਨ ਉਥੇ ਸਾਧ ਕੋਲ ਗਿਆ ਤਾਂ ਉਹ ਕਹਿਣ ਲਗਾ—ਸੰਤ ਜੀ, ਭੈਣੀ ਵਾਲੇ ਗੁਰੂ ਨੇ ਤੈਨੂੰ ਬਚਾ ਲਿਆ, ਨਹੀਂ ਤਾਂ ਤੂੰ ਖਤਮ ਸੀ। ਤੇਰਾ ਗੁਰੂ ਬੜਾ ਡਾਢਾ ਪੂਰਨ ਹੈ, ਹੁਣ ਤੇਰੇ ਗੁਰੂ ਨੂੰ ਤੇ ਤੈਨੂੰ ਪ੍ਰਣਾਮ ਕਰਦਾ ਹਾਂ, ਜੋ ਲੈਜਾਣਾ ਲੈ ਜਾ।—ਏਦਾਂ ਮੈਨੂੰ ਭਗਵਾਨ ਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਦੁਸ਼ਟ ਸਾਧੂ ਕੋਲੋਂ ਮੇਰੀ ਰਖਿਆ ਕੀਤੀ ਸੀ।

ਇਕ ਹੋਰ ਸੂਬਾ ਜੀ ਨੇ ਮੈਨੂੰ ਬੰਬਈ ਵਿਖੇ ਹੋਈ ਘਟਨਾ ਦਾ ਜ਼ਿਕਰ ਕੀਤਾ, ਕਿਹਾ—ਕਿ ਮੈਂ ਪੰਜਾਬ ਤੋਂ ਅਫਰੀਕਾ ਜਾਣ ਲਈ ਬੰਬਈ ਪਹੁੰਚਾ। ਜਦ ਮੈਂ ਆਪਣਾ ਪਾਸਪੋਰਟ ਬੰਬਈ ਇਮੀਗਰੇਸ਼ਨ ਵਿਚ ਦਿਖਾਇਆ ਤਾਂ ਉਹਨੀਂ ਮੈਨੂੰ ਵੀਜ਼ਾ ਦੇਣੋਂ ਨਾਂਹ ਕਰ ਦਿਤੀ। ਉਹਨੀਂ ਕਿਹਾ ਇਸ ਵਿਚ ਪੰਜਾਬ ਇਮੀਗਰੇਸ਼ਨ ਦੀ ਮੋਹਰ ਨਹੀਂ, ਇਸ ਲਈ ਤੂੰ ਇਸ ਜਹਾਜ਼ ਨਹੀਂ ਜਾ ਸਕਦਾ। ਮੈਂ ਮਿੰਨਤ ਵੀ ਕੀਤੀ ਅਤੇ ਖਰਚਾ ਵੀ ਕਰਨਾ ਚਾਹਿਆ, ਉਥੋਂ ਨਾਂਹ ਹੀ ਮਿਲੀ। ਮੈਂ ਡੇਰੇ ਦਲਾਲ ਨਾਲ ਗੱਲ ਕੀਤੀ, ਉਸ ਨੇ ਬੀ ਨਾਂਹ ਕੀਤੀ। ਮੈਂ ਦੂਸਰੇ ਦਿਨ ਫਿਰ ਕੋਸ਼ਿਸ਼ ਕੀਤੀ ਗੱਲ ਨਹੀਂ ਬਣੀ। ਮੈਂ ਪਾਸਪੋਰਟ ਉਥੇ ਹੀ ਛੱਡ ਡੇਰੇ ਆ ਗਿਆ ਤੇ ਸੋਚਿਆ ਕਿ ਪੰਜਾਬ ਨੂੰ ਵਾਪਸ ਚਲੇ ਜਾਵਾਂ ਤੇ ਮੋਹਰ ਲੁਵਾ ਕੇ ਹੋਰ ਕਿਸੇ ਜਹਾਜ਼ ਵਿਚ ਚਲਾ ਜਾਵਾਂਗਾ। ਮੈਂ ਤੀਸਰੇ ਦਿਨ ਡੇਰੇ ਤੋਂ ਨਿਕਲ ਪਟੜੀ ਤੇ ਤੁਰ ਪਿਆ ਨਿਰਾਸ ਹੋਇਆ। ਕੀ ਦੇਖਦਾ ਹਾਂ ਕਿ ਸੜਕ ਦੀ ਦੂਸਰੀ ਪਟੜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੁਰੇ ਜਾਂਦੇ ਹਨ। ਮੈਨੂੰ ਹੌਸਲਾ ਹੋ ਗਿਆ ਕਿ ਹੁਣ ਮੇਰਾ ਕੰਮ ਬਣ ਜਾਵੇਗਾ। ਐਸੇ ਸ਼ਸ਼ੋਪੰਜ ਵਿਚ ਮੈਂ ਇਮੀਗਰੇਸ਼ਨ ਜਾ ਕੇ ਪਾਸਪੋਰਟ ਮੰਗਿਆ ਤਾਂ ਮੈਨੂੰ ਉਹਨੀਂ ਕੰਪਲੀਟ ਕਰਕੇ ਪਾਸਪੋਰਟ ਦੇ ਦਿਤਾ। ਮੈਂ ਸੱਚੇ ਪਾਤਸ਼ਾਹ ਦਾ ਲਖ ਲਖ ਸ਼ੁਕਰ ਕੀਤਾ। ਅਤੇ ਉਸੇ ਜਹਾਜ਼ ਚੜ੍ਹਕੇ ਅਫ਼ਰੀਕਾ (ਕੀਨੀਆ) ਪਹੁੰਚ ਗਿਆ। ਇਸੇ ਲਈ ਮੈਂ ਉਹਨਾਂ ਨੂੰ ਸਾਖਆਤ ਭਗਵਾਨ ਅਕਾਲ-ਪੁਰਖ ਮੰਨਦਾ ਹਾਂ।

## ਬੜੀ ਪੁਰਾਣੀ ਯਾਦ : ਭੈਣੀ ਸਾਹਿਬ ਮਸਤਾਨਿਆ ਨੂੰ ਤਾੜਨਾ ਦੀ ਸਾਖੀ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ, ਮੇਰੀ ਉਮਰ ਓਦੋਂ ਬਾਰਾਂ ਚੌਦਾਂ ਸਾਲ ਦੀ ਹੋਵੇਗੀ, ਮੈਂ ਆਪਣੇ ਮਾਮਾ ਜੀ ਨਾਲ ਫੀਰੋਜ਼ਪੁਰ ਤੋਂ ਭੈਣੀ ਸਾਹਿਬ ਮੇਲੇ ਨਿਮਾਣੀ ਦੇ ਤੇ ਆਇਆ। ਉਹਨਾਂ ਦਿਨਾਂ ਵਿਚ ਦੀਵਾਨ ਗੋਲ ਚੱਕਰ ਵਿਚ ਲਗਦਾ ਸੀ ਭਾਵ ਗੋਲ ਦਾਇਰੇ ਵਿਚ। ਇਸ ਵਿਚ ਬੜਾ ਖਾਲੀ ਥਾਂ ਮਸਤਾਨੇ-ਮਸਤਾਨੀਆਂ ਲਈ ਮਸਤੀ ਨਾਲ ਝੂਮਣ ਲਈ ਹੁੰਦਾ ਸੀ। ਅਸੀਂ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਇਕ ਜਗ੍ਹਾ ਥਾਂ ਦੇਖ ਕੇ ਖਲੋ ਗਏ। ਬੜੀ ਭੀੜ



Sri Satguru Jagjit Singh Ji eLibrary NamdhariElibrary@gmail.com

ਸੀ। ਸਾਡੇ ਪਾਸ ਹੀ ਰਾਗੀਆਂ ਸਿੰਘਾਂ ਦੀ ਸਟੇਜ ਸੀ। ਕੀਰਤਨ ਬੜੇ ਮਿੱਠੇ ਸੁਰਾਂ ਵਿਚ ਹੋ ਰਿਹਾ ਸੀ। ਉਧਰ ਸਤਿਗੁਰੂ ਜੀ ਸ਼ਬਦ ਦਾ ਉਚਾਰਣ ਕਰਦੇ ਸਨ ਤੇ ਏਧਰ ਰਾਗੀ ਸਿੰਘ ਸਨ ਮਾਨੋ ਧਰਤੀ ਤੇ ਸਵਰਗ ਉਤਰਕੇ ਆ ਗਿਆ ਸੀ। ਇਸ ਦੀ ਉਪਮਾ ਤਾ ਕਹੀ ਨਹੀਂ ਜਾਂਦੀ ਵੇਖਾ ਹੀ ਪ੍ਰਮਾਣ ਹੈ, ਰਾਗੀ ਸਿੰਘ ਦੇ ਸਾਜ਼ ਤਾਨ ਪੂਰੇ ਤੇ ਤਾਊਸ ਹੀ ਸਨ। ਇਹਨਾਂ ਵਿਚੋਂ ਧੁਨਾਂ ਦੇ ਅਲਾਪ ਨੇ ਲੱਖਾਂ ਸੰਗਤਾਂ ਨੂੰ ਪ੍ਰੇਮ ਮੁਗਧ ਕਰਿ ਰਖਿਆ ਸੀ। ਸੂਈ ਜੈਸੀ ਹਲਕੀ ਡਿਗੀ ਵਸਤੂ ਵੀ ਸੁਣਾਈ ਦੇ ਸਕਦੀ ਸੀ ਕਿਉਂਕਿ ਐਸੀ ਗੁਰਮਤ ਸੰਗੀਤ ਦਾ ਪ੍ਰਭਉ ਪੈ ਚੁਕਾ ਸੀ, ਜਦ ਸਤਿਗੁਰੂ ਜੀ ਸ਼ਬਦ ਦਾ ਉਚਾਰਣ ਕਰਨ ਤਾ ਮਸਤਾਨੇ ਚੀਕਾਂ ਮਾਰ ਨਚਣ ਲਗ ਪਏ ਤੇ ਖੇਖਨ ਨਾਚ ਕਰਦੇ ਰਾਗੀ ਸਿੰਘਾਂ ਉਪਰ ਆ ਡਿੱਗੇ ਤੇ ਮਾਨੋ ਰੰਗ ਵਿਚ ਭੰਗ ਦਾ ਅਸਰ ਪਿਆ। ਰਾਗੀ ਸਿੰਘਾਂ ਨੇ ਬੜੀ ਮੁਸ਼ਕਲ ਨਾਲ ਸਾਜ਼ ਬਚਾਏ ਤੇ ਉਧਰ ਇਸ ਕੁਲਾਹਲ ਨੇ ਸਤਿਗੁਰੂ ਜੀ ਨੂੰ ਸਮਾਧੀ ਹੀਨ ਕਰ ਦਿਤਾ। ਇਹ ਦੇਖ ਗੁਰੂ ਜੀ ਨੇ ਆਪਣੇ ਪਵਿਤਰ ਮੁਖਾਰਬਿੰਦ ਚੋਂ ਇਹ ਸ਼ਬਦ ਕਹੇ—

"ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥

ਭਾਵ ਇਹ ਸੀ—ਜੇ ਤੈਨੂੰ ਪ੍ਰਮਾਤਮਾ ਦੇ ਮਿਲਣ ਦੀ ਸਿੱਕ (ਲੋੜ) ਹੈ ਤਾਂ ਤੂੰ ਕਿਸੇ ਦਾ ਦਿਲ ਨਾ ਦੁਖਾ! ਇਹ ਗੁਰੂ ਜੀ ਦੇ ਬਚਨ ਮੈਨੂੰ ੬੦ ਸਾਲ ਬਾਦ ਵੀ ਯਾਦ ਰਹੇ ਭੁਲੇ ਨਹੀਂ। ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ।

ਜੇ ਅਸੀਂ ਗੁਰੂ ਜੀ ਦੇ ਕ੍ਰਿਸ਼ਮੇ ਲਿਖਣ ਲਗੀਏ ਤਾਂ ਇਕ ਵਡਾ ਗ੍ਰੰਥ ਬਣ ਸਕਦਾ ਹੈ।

### ਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ ਅੰਦੇਸ਼ੀ

ਈਸਟੀ ਅਫਰੀਕਾ ਦੇ ਤੀਸਰੇ ਦੌਰੇ ਮੇਰੀ ਮੁਖਾਲਫ ਪਾਰਟੀ ਨੇ ਸਤਿਗੁਰੂ ਜੀ ਨੂੰ ਮਜਬੂਰ ਕਰਕੇ ਨਾਮਧਾਰੀ ਸੰਗਤ ਦੀ ਪੈਨੇਜਿੰਗ ਕਮੇਟੀ ਦੀ ਚੋਣ ਕਰਵਾਈ। ਇਸ ਦਾ ਪ੍ਰਧਾਨ ਸ. ਭਗਤ ਸਿੰਘ ਪਨੇਸਰ ਤੇ ਸਕਤਰ ਬਾਬੂ ਮੇਹਰਬਾਨ ਸਿੰਘ ਜੀ ਨੂੰ ਨੀਯਤ ਕੀਤਾ। ਖਜ਼ਾਨਚੀ ਸ: ਗੁਰਬਚਨ ਸਿੰਘ ਬਾਪੇ। ਹੋਰ ਮੈਂਬਰ ਇਹਨੀਂ ਆਪਣੀ ਮਰਜ਼ੀ ਦੇ ਪਾ ਲਏ। ਮੈਨੂੰ 'ਕੰਵਲ' ਤੇ ਸੂਬਾ ਜੀ ਨੂੰ ਇਸ ਵਿਚ ਨਹੀਂ ਲਿਆ।

ਗੁਰੂ ਜੀ ਨੇ ਕਿਹਾ ਕਿ ਇਹ ਨਵਾਂ ਕਮੇਟੀ ਕੇਵਲ ਕੀਨੀਆਂ ਦੀ ਨਾਮਧਾਰੀ ਸੰਗਤ ਦੀ ਹੀ ਦੇਖ-ਰੇਖ ਕਰੇਗੀ। ਇਹ ਕਹਿਕੇ ਸਤਿਗੁਰੂ ਜੀ ਨੇ ਇਕ ਹੋਰ ਕਮੇਟੀ (ਜਿਸ ਦਾ ਨਾਮ ਈਸਟ ਅਫਰੀਕਨ ਸੁਪਰੀਮ ਕੌਂਸਲ ਦਿਤਾ) ਦੀ ਸਥਾਪਨਾ ਕਰ ਦਿਤੀ। ਇਸ ਦਾ ਪ੍ਰਧਾਨ ਸੂਬਾ ਲਾਲ ਸਿੰਘ ਜੀ ਅਤੇ ਮੈਨੂੰ "ਕੰਵਲ" ਨੂੰ ਇਸ ਦਾ ਜਨਰਲ ਸੈਕਟਰੀ ਥਾਪ ਦਿਤਾ। ਇਸ ਕੌਂਸਲ ਕਮੇਟੀ ਦਾ ਕਾਰਜ ਕਰਮ-ਕੀਨੀਆ ਯੁਗੰਡਾ, ਤਨਜ਼ਾਨੀਆਂ ਆਦਿ ਨੂੰ ਆਪਣੀ ਦੇਖ ਰੇਖ ਰਖਣ ਦਾ ਸੀ। ਕੀਨੀਆਂ ਦੀ ਕਾਰਜ-ਕਾਰਣੀ ਕਮੇਟੀ ਆਪਣੇ ਕਾਰਜ ਕਰਮ ਦੀ ਰਿਪੋਰਟ ਉਪਰਲੀ ਕਮੇਟੀ ਤੋਂ ਪਾਸ ਕਰਾਕੇ ਹੀ ਅਗੋਂ ਹੋਰ ਕਾਰਵਾਈ ਕਰੇਗੀ। ਇਸ ਤੇ ਸਾਰੇ ਬੜੇ ਹੈਰਾਨ ਹੋਏ, ਮੈਨੂੰ ਆਖਣ ਲਗੇ ਕਿ ਅਸੀਂ ਤਾਂ ਤੁਹਾਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਸੀ ਪਰ, ਸਤਿਗੁਰੂ ਜੀ ਨੇ ਤੁਹਾਨੂੰ ਹੋਰ ਉਚੇ ਤਖਤ ਤੇ ਬਿਠਾ ਦਿਤਾ ਤੇ ਸਾਡੇ ਸਾਰਿਆਂ ਤੋਂ ਸ਼ਰੋਮਣੀ ਸਥਾਪਤ ਕਰ ਦਿਤਾ। ਭਾਵ ਕੀ ਗੁਰੂ ਜੀ ਜਾਣੀ ਜਾਣ ਜਾਣਦੇ ਸਨ ਕਿ ਪੰਥ ਦਾ ਕੰਮ ਕੌਣ ਕਰ ਸਕਦਾ ਹੈ। ਕਿਉਂਕਿ ਮੈਂ ਇਸ ਪੰਥ ਉਨਤੀ ਖਾਤਰ ਆਪਣੀ ਫੋਟੋਗਰਾਫ਼ੀ ਦੀ ਦੁਕਾਨ ਬੰਦ ਕਰਕੇ ਆਪਣਾ ਸਾਰਾ ਸਮਾਂ ਪੰਥ ਹਿਤਾਂ ਲਈ ਕੁਰਬਾਨ ਕਰ ਦਿਤਾ ਸੀ। ਅੰਤ ਸਤਿਗੁਰਾਂ ਦੇ ਚੌਥੇ ਦੌਰੇ ੧੯੫੫ ਈਸਵੀਂ ਦੇ ਸਤਿਗੁਰੂ ਜੀ ਨੇ ਮੁੜ ਨਾਮਧਾਰੀ ਸੰਗਤ ਦੀ ਜ਼ੁਮੇਵਾਰੀ ਮੈਨੂੰ ਸੌਂਪ ਦਿਤੀ ਸੀ।

ਦਿੱਲੀ-- -੧੦-੯੦


ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**
(ਟਿੰਬਰ ਮਰਚੈਂਟਸ)
ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

**Dalip Singh Puran Singh Saggu**
[TIMBER MERCHANTS]
Stockists : Assam Teak, Champ, Deodar, Kail, Partal & Chil Hollikwood.
Old Railway Road, JALANDHAR CITY
Phone : 58795





Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਵਿਦਿਅਕ ਜਥੇ ਦਾ ਹੁਲਾਰ

ਸੰਨ ੧੯੬੪ ਦੇ ਦਸੰਬਰ ਵਿਚ ਮੈਂ ਜੰਮੂ ਚਲਾ ਗਿਆ ਸਾਂ। ਜ਼ਾਹਰਾ ਤੌਰ ਤੇ ਤਾਂ ਕਮਾਈ ਕਰਨ ਗਿਆ ਪਰ ਅੱਜ ਸੋਚਦਾ ਹਾਂ ਕਿ ਹਰ ਗਲ ਕਿਸੇ ਚੱਕਰ ਦੇ ਅਧੀਨ ਹੁੰਦੀ ਹੈ ਇਸ ਵਾਸਤੇ ਜੰਮੂ ਜਾਣ ਵਾਸਤੇ ਰੁੱਜ਼ਗਾਰ ਦਾ ਬਹਾਨਾ ਹੀ ਸੀ। ਜੰਮੂ ਜਾ ਕੇ ਪਤਾ ਲਗਾ ਕਿ ਇਥੇ ਸੰਤਾਂ ਦੇ ਅਹਾਤੇ ਜਾਂ ਸੰਤ ਬਰਦਰਜ਼ ਟਰਕ ਬਾਡੀਆਂ ਬਨਾਉਣ ਵਾਲੇ ਨਾਮਧਾਰੀ ਸਿੰਘਾਂ ਦੇ ਘਰ ਕਾਫੀ ਹਨ। ਉਹਨਾਂ ਦੀ ਮਦਦ ਨਾਲ ਮੈਂ ਦੁਕਾਨਦਾਰੀ ਕਰਨ ਲਗਾ। ਇਸ ਤੋਂ ਪਹਿਲਾਂ ਮੇਰੀ ਠਾਹਰ ਸੰਤ ਹਰਨਾਮ ਸਿੰਘ ਹੋਰਾਂ ਦਾ ਪਰਿਵਾਰ ਸੀ ਜੋ ਰਿਸ਼ਤੇਦਾਰ ਲਗਦੇ ਸਨ। ਉਹਨਾਂ ਦੇ ਸਪੁਤਰ ਸ. ਪ੍ਰੀਤਮ ਸਿੰਘ ਉਦੋਂ ਹੀ ਕਾਫੀ ਮਸ਼ਹੂਰ ਸਨ ਪਰ ਉਸ ਵਕਤ ਉਹ ਜੰਮੂ ਦੀ ਬਜਾਏ ਦਿਲੀ ਵਿਚ ਸਨ।

ਨੌਜਵਾਨਾਂ ਚੋਂ ਸਭ ਤੋਂ ਪਹਿਲੀ ਪਛਾਣ ਗੁਰਦੇਵ ਸਿੰਘ ਸੀ ਜੋ ਦੋਸਤ ਬਣ ਗਿਆ ਅਤੇ ਇਥੋਂ ਤਕ ਅਸੀਂ ਇਕਠੇ ਰਹਿਣ ਲਗ ਪਏ ਕਿ ਇਕ ਦਿਨ ਨਵੀਂ ਵਿਆਹੀ ਸ੍ਰੀਮਤੀ ਗੁਰਦੇਵ ਸਿੰਘ ਨੇ ਤੰਗ ਆ ਕੇ ਮੈਨੂੰ ਬਾਡੀ ਗਾਡਰ ਦੀ ਉਪਾਧੀ ਨਾਲ ਸਨਮਾਨਤ ਕਰ ਦਿਤਾ। ਸਚੀ ਗੱਲ ਤਾਂ ਇਹ ਹੈ ਕਿ ਅਸੀਂ ਆਪਣਾ ਕਾਰੋਬਾਰ ਤਾਂ ਭੁਲ ਕੇ ਦਿਨ ਰਾਤ ਘਰ ਬਾਜ਼ਾਰ ਤੇਖੇਡ ਮੈਦਾਨ ਵਿਚ ਵੀ ਇਕਠੇ ਰਹਿਣ ਲਗੇ। ਇਕ ਮੁੰਡਾ ਸੀ ਜਿਹੜਾ ਹਰ ਵੇਲੇ ਦਿਲਮ ਢਿਲੀ ਪਗੜੀ ਅਤੇ ਖੁਲ੍ਹੀ ਦਾਹੜੀ ਨਾਲ ਇਵੇਂ ਲਗਦਾ ਸੀ ਜਿਵੇਂ ਕਿਸੇ ਟਰੱਕ ਦਾ ਡਾਈਵਰ ਹੋਵੇ। ਇਕ ਦਿਨ ਇਹੀ ਮੁੰਡਾ ਅੰਗਰੇਜ਼ੀ ਸੂਟ ਪੈਂਟ ਕੋਟ ਪਾ ਕੇ ਟਾਈ ਲਾਈ ਦਾਹੜੀ ਨੂੰ ਫਿਕਸੋ ਲਾ ਕੇ ਉਚਾ ਲੰਮਾ ਸਰਦਾਰ ਬਣ ਕੇ ਗੁਰਦੇਵ ਨਾਲ ਆਇਆ ਤਾਂ ਮੈਨੂੰ ਪਤਾ ਲਗਾ ਕਿ ਇਹ ਤਾਂ ਜ਼ਿਲੇ ਦਾ ਖੇਤੀ ਬਾੜੀ ਅਫਸਰ ਹੈ ਗੁਰਦੇਵ ਸਿੰਘ ਦਾ ਚਾਚੇ ਦਾ ਪੁਤਰ ਭਰਾ। ਇਹ ਕਰਮ ਸਿੰਘ ਸੀ ਜੋ ਸਰੀਰੋਂ ਕੁਝ ਬੀਮਾਰ ਹੋਣ ਕਰਕੇ ਢਿੱਲੀ ਪੱਗ ਤੇ ਪਜਾਮੇ ਨਾਲ ਬੈਠਾ ਰਹਿੰਦਾ ਸੀ। ਗੁਰਦੇਵ ਸਿੰਘ ਦਾ ਵੱਡਾ ਭਰਾ ਬਖਸ਼ੀਸ਼ ਸਿੰਘ ਓਵਰਸੀਅਰ ਸੀ। ਹੌਲੀ ਹੌਲੀ ਮਿੱਤਰ ਮੰਡਲੀ ਵਿਚ ਬਹੁਤ ਵਿਸਥਾਰ ਹੋ ਗਿਆ। ਮੇਰੇ ਦਫਤਰ ਜਾਂ ਦੁਕਾਨ ਤੇ ਗਾਹਕ ਘਟ ਹੀ ਆਉਂਦੇ ਸਨ ਅਤੇ ਜੋ ਆਉਂਦੇ ਸਨ ਉਹ ਉਧਾਰ ਹੀ ਮੰਗਦੇ ਸਨ। ਜੇ ਇਹ ਉਧਾਰ ਨਾ ਮਾਲ ਖੜਦੇ ਤਾਂ ਮੈਂ ਜੰਮੂ ਤੋਂ ਵਾਪਸ ਕਿਥੇ ਆਉਣਾ ਸੀ? ਇਹਨਾਂ ਦੀ ਕਿਰਪਾ ਸਦਕਾ ਅੰਤ ਮੈਨੂੰ ਅਠ ਸਾਲ ਬਾਦ ਜੰਮੂ ਛਡ ਕੇ ਵਾਪਸ ਜਲੰਧਰ ਆਉਣਾ ਪਿਆ। ਗਾਹਕਾਂ ਦੀ ਥਾਂ ਤੇ ਮਿਤਰ ਮੰਡਲ ਦੀਆਂ ਰੌਣਕਾਂ ਰਹਿੰਦੀਆਂ। ਕਦੀ ਜੰਮੂ ਦੀਆਂ ਪਹਾੜੀਆਂ ਦੀ ਚੜ੍ਹਾਈ ਕਦੇ ਤਵੀ ਨਦੀ ਦੀ ਸੈਰ ਕਦੇ ਨਹਿਰ ਦੇ ਬਰਫੀਲੇ ਪਾਣੀ ਦੇ ਇਸ਼ਨਾਨ ਕਦੇ ਹਾਕੀ ਦੇ ਮੈਚ। ਜੰਮੂ ਵਿਚ ਦੋ ਭਰਾ ਸਨ ਕਵੀ ਕੁਲਤਾਰ ਸਿੰਘ ਅਤੇ ਦਾਤਾ ਦਾਤਾਰ ਸਿੰਘ। ਇਹਨਾਂ ਆਪ ਜਾਂ ਇਹਨਾਂ ਦੇ ਕਿਸੇ ਬੰਦੇ ਨੇ ਆ ਜਾਣਾ ਕਿ ਕਲ ਜਾਂ ਅਜ ਮੈਚ ਹੈ। ਮੈਂ ਹਾਕੀ ਫੜ ਕੇ ਚਲ ਪੈਣਾ। ਗਲ ਕੀ ਵਿਹਲ ਦਾ ਰੁਝੇਵਾਂ ਬੁਰੀ ਤਰ੍ਹਾਂ ਵਧ ਗਿਆ।

ਸੰਤਾਂ ਦੇ ਬਹੁਤ ਵਡੇ ਅਹਾਤੇ ਵਿਚ ਟਰਕ ਖੜੇ ਹੁੰਦੇ। ਵਿਚ ਇਕ ਬਹੁਤ ਛੋਟਾ ਜਿਹਾ ਲਕੜ ਦਾ ਕਮਰਾ ਸੀ ਜੋ ਦਫਤਰ ਵਜੋਂ ਵਰਤਿਆ ਜਾਂਦਾ ਸੀ। ਇਥੇ ਹਰ ਵੀਰਵਾਰ ਰਾਤ ਨੂੰ ਢੋਲਕੀ ਦੀ ਆਵਾਜ਼ ਆਉਣ ਲਗ ਪੈਂਦੀ। ਗੁਰਦੇਵ ਦੇ ਪਿਤਾ ਜੀ ਸੰਤ ਜਗਤ ਸਿੰਘ ਇਕਲੇ ਹੀ ਢੋਲਕ ਫੜ ਕੇ ਵਜਾਉਣ ਲਗ ਪੈਂਦੇ ਅਤੇ ਫੇਰ ਹੌਲੀ ਹੌਲੀ ਦੂਸਰੇ ਸੰਤ ਆ ਕੇ ਛੈਣੇ ਵਜਾਉਣ ਲਗ ਪੈਂਦੇ। ਸ਼ਬਦ ਕੀਰਤਨ ਵਿਚ ਤਕਰੀਬਨ ਸਾਰੇ ਹੀ ਹਿਸਾ ਲੈਂਦੇ। ਮੈਂ ਵੀ ਇਕ ਦੋ ਵਾਰ ਜਾ ਕੇ ਆ ਜਾਂਦਾ ਰਿਹਾ। ਇਕ ਦਿਨ ਮੈਂ ਉਪਰ ਛੱਤ ਵਲ ਵੇਖਿਆ ਤਾਂ ਉਥੇ ਇਕ ਹਾਰਮੋਨੀਅਮ ਵਾਜਾ ਚੰਗੀ ਤਰ੍ਹਾਂ ਬੰਨ ਕੇ ਟਿਕਾਇਆ ਹੋਇਆ ਸੀ। ਮੈਂ ਝਕਦੇ ਝਕਦੇ ਨੇ ਉਹਨੂੰ ਥਲੇ ਲਾਹ ਲਿਆ। ਜਲੰਧਰ ਵਿਚ ਹਾਰਮੋਨੀਅਮ ਵਜਾਉਣ ਦੀ ਮੇਰੀ ਰੀਝ ਸੀ। ਮੈਂ ਇਕ ਪੁਰਾਣਾ ਵਾਜਾ ਖਰੀਦਿਆ ਵੀ। ਹਾਰਮੋਨੀਅਮ ਟੀਚਰ ਦੀ ਪੁਸਤਕ ਵੀ ਖਰੀਦੀ। ਸੁਰਾਂ ਦੇ ਉਤੇ ਸਾਰੇ ਗਾ ਮਾ ਲਿਖ ਕੇ ਵਜਾਉਂਦਾ ਵੀ ਰਿਹਾ। ਘਰ ਵਿਚ ਵਾਜਾ ਠੀਕ ਵਜਦਾ ਪਰ ਜਦ ਕਿਸੇ ਦੇ ਨਾਲ ਵਜਾਉਂਦਾ ਤਾਂ ਫਰਕ ਹੁੰਦਾ। ਅਸਲ ਵਿਚ ਗਲ ਇਹ ਹੁੰਦੀ ਕਿ ਨਾ ਤਾਂ ਮੈਂ ਹੀ ਗਾਉਣ ਵਾਲਿਆਂ ਨਾਲ ਮਿਲਦਾ ਅਤੇ ਨਾ ਹੀ ਗਾਉਣ ਵਾਲੇ ਮੇਰੇ ਵਾਜੇ ਨਾਲ ਮਿਲ ਸਕਦੇ। ਜੰਮੂ ਮੈਂ ਹਿਸਾਬ ਲਾਇਆ ਕਿ ਇਹ ਸਿਧੀਆਂ ਸਿਧੀਆਂ ਧਾਰਨਾਂ ਪੜ੍ਹ ਰਹੇ ਨੇ ਨਾਲ ਵਜਾਈ ਜਾਵਾਂਗਾ ਨਹੀਂ ਤਾਂ ਕੁਝ ਨਾ ਕੁਝ ਆਵਾਜ ਤੇ ਨਿਕਲੇਗੀ। ਜੇ ਸੁਰ ਨਾ ਵੀ ਮਿਲੀ ਤਾਂ ਕਹਿ



Sri Satguru Jagjit Singh Ji eLibrary NamdhariElibrary@gmail.com

ਤਾਂ ਸਕਾਂਗਾ ਕਿ ਵਾਜਾ ਖਰਾਬ ਹੈ। ਕਰਨਾ ਰਬ ਦਾ ਕਿ ਜਦੋਂ ਮੈਂ ਉਂਗਲਾਂ ਫੇਰੀਆਂ ਤਾਂ ਇੰਜ ਲਗਾ ਕਿ ਕੰਮ ਬਣ ਗਿਆ ਹੈ ਜਾਂ ਸ਼ਬਦ ਪੜ੍ਹਣ ਵਾਲੇ ਮੇਰੇ ਵਾਜੇ ਦੀਆਂ ਸੁਰਾਂ ਨਾਲ ਆਪ ਹੀ ਮਿਲ ਗਏ ਸਨ । ਮੈਨੂੰ ਭਰਪੂਰ ਪ੍ਰਵਾਨਗੀ ਮਿਲ ਗਈ। ਜੱਥੇ ਨੂੰ ਹੋਰ ਕੀ ਚਾਹੀਦਾ ਹੈ ਕਿ ਇਕ ਹਾਰਮੋਨੀ-ਅਮ ਕਲਾਕਾਰ ਉਹਨਾਂ ਕੋਲ ਹੋਵੇ । ਪਰ ਇਸ ਹਾਰਮੋਨੀਅਮ ਵਾਦਨ ਨੇ ਮੈਨੂੰ ਕੁੜਿਕੀ ਵਿਚ ਵੀ ਫਸਾ ਦਿਤਾ । ਸੰਤ ਸ਼ਬਦ ਬੜੇ ਠਰੰਮੇ ਨਾਲ ਪੜ੍ਹ ਰਹੇ ਸਨ ਅਤੇ ਸਿਧੀਆਂ ਧਾਰਨਾਂ ਵਿਚ । ਸੰਤ ਜਗਤ ਸਿੰਘ ਹੋਰਾਂ ਅਚਾਨਕ ਢੋਲਕ ਬੰਦ ਕਰ ਦਿਤੀ ਅਤੇ ਕਹਿਣ ਲਗੇ ਅੱਛਾ ਤੁਸੀਂ ਸ਼ਬਦ ਸੁਣਾਓ । ਮੈਂ ਸਾਰੀ ਉਮਰ ਸ਼ਬਦ ਸੁਣੇ ਸਨ ਅਤੇ ਛੈਣੇ ਵਜਾਏ ਸਨ । ਢੋਲਕ ਵੀ ਘਰ ਦੀ ਕਲਾ ਹੋਣ ਕਰਕੇ ਕੁਝ ਕੁਝ ਵਜਾ ਲੈਂਦਾ ਸੀ ਪਰ ਅਗੇ ਲਗ ਕੇ ਸ਼ਬਦ ਪੜ੍ਹਨਾ ਅਤੇ ਉਹ ਵੀ ਪੂਰਾ ਸ਼ਬਦ ਪੜ੍ਹਨਾ ਬਹੁਤ ਭਾਰੀ ਇਮਤਿਹਾਨ ਸੀ। ਪਰ ਸਾਰਿਆਂ ਨੇ ਜ਼ੋਰ ਪਾ ਦਿਤਾ ਸੀ। ਮੈਨੂੰ ਘਬਰਾਹਟ ਹਿਚਹਿਚਾਹਟ ਸਭ ਕੁਝ ਸੀ। ਇਸ ਵੇਲੇ ਮੇਰੇ ਪੂਰਬਲੇ ਕਰਮ ਕਮ ਆਏ ।

ਜਲੰਧਰ ਵਿਚ ਜਦੋਂ ਅਸੀਂ ਦੁਆਬਾ ਖਾਲਸਾ ਸਕੂਲ ਵਿਚ ਪੜ੍ਹਦੇ ਸਾਂ ਤਾਂ ਹਰ ਰੋਜ਼ ਸਵੇਰੇ ਅਰਦਾਸ ਵੇਲੇ ਸ਼ਬਦ ਪੜ੍ਹੇ ਜਾਂਦੇ ਸਨ ਅਤੇ ਜਿਸ ਦਿਨ ਸਾਡੀ ਜਮਾਤ ਦੀ ਵਾਰ ਆਉਂਦੀ ਤਾਂ ਮਾਸਟਰ ਜੀ ਮੈਨੂੰ ਤੇ ਮਨਮੋਹਨ ਸਿੰਘ ਭੱਲੇ ਨੂੰ ਅਗੇ ਪੜ੍ਹਣ ਲਈ ਭੇਜਦੇ। ਸਾਨੂੰ ਵੇਖ ਕੇ ਸਾਹਮਣੇ ਖੜਿਆਂ ਵਿਦਿਆਰਥੀਆਂ ਚੋਂ ਕੋਈ ਹੌਲੀ ਦੇਣੀ ਕਹਿ ਦਿੰਦਾ ਮਿਤਰ ਪਿਆਰੇ ਨੂੰ...ਤੇ ਦੂਸਰਾ ਗੁਣ ਗੁਣਾ ਦਿੰਦਾ 'ਹਮ ਅਵਗੁਣ ਭਰੇ ।' ਉਹਨਾਂ ਨੂੰ ਪਤਾ ਹੁੰਦਾ ਕਿ ਇਸ ਜੱਥੇ ਨੇ ਇਹਨਾਂ ਦੋ ਸ਼ਬਦਾਂ ਤੋਂ ਇਲਾਵਾ ਕੋਈ ਹੋਰ ਸ਼ਬਦ ਪੜ੍ਹਨਾ ਹੀ ਨਹੀਂ । ਜਦੋਂ ਸੰਤਾਂ ਨੇ ਮੈਨੂੰ ਹਦੋਂ ਵਧ ਮਜਬੂਰ ਕੀਤਾ ਅਤੇ ਇਸ ਤੋਂ ਅਗੇ ਨਾਂਹ ਕਰਨੀ ਸੰਤਾਂ ਦੀ ਅਤੇ ਆਪਣੀ ਹਤਕ ਕਰਨ ਵਾਲੀ ਗਲ ਸੀ ਤਾਂ ਮੈਂ ਸੰਗਦਿਆਂ ਝਕਦਿਆਂ ਸ਼ੁਰੂ ਕਰ ਦਿਤਾ, "ਕੋਈ ਗੁਣ ਨਾ ਗੁਰੂ ਜੀ ਵਿਚ ਮੇਰੇ ਔਗਣਾਂ ਦਾ ਮੈਂ ਭਰਿਆ ।" ਇਹ ਧਾਰਨ ਆਪਣੇ ਪਿਤਾ ਜੀ ਤੋਂ ਕਈ ਵਾਰ ਸੁਣੀ ਸੀ ਅਤੇ ਸ਼ਬਦ ਜ਼ਬਾਨੀ ਯਾਦ ਸੀ। ਅਜ ਮੇਰੀ ਇਜ਼ਤ ਰਹਿ ਗਈ ਸੀ ਅਤੇ ਏਸ ਹਕੀਕਤ ਭਰੇ ਸ਼ਬਦ ਨੇ ਕਈ ਵਾਰ ਮੇਰੀ ਲਾਜ ਰਖੀ ਹੈ। ਅਜ ਮੈਂਨੂੰ ਕਈ ਰਾਗੀਆਂ ਦਾ ਪਤਾ ਹੈ ਜਿਨ੍ਹਾਂ ਨੂੰ ਜ਼ਬਾਨੀ ਸ਼ਬਦ ਥੋਹੜੇ ਹੀ ਆਉਂਦੇ ਹਨ। ਏਸੇ ਨਾਲ ਵੀ ਉਹਨਾਂ ਦੀ ਮਾਨਤਾ ਹੈ। ਉਸ ਤੋਂ ਬਾਅਦ ਮੈਂ ਹਰ ਵਾਰ ਨਵੇਂ ਸ਼ਬਦ ਨਾਲ ਲੈਸ ਹੋ ਕੇ ਜਾਂਦਾ ਅਤੇ ਹਾਰਮੋਨੀਅਮ ਤੇ ਪਹਿਲਾਂ ਅਭਿਆਸ ਵੀ ਕਰ ਲੈਂਦਾ। ਸੰਤ ਜਗਤ ਸਿੰਘ ਸਾਰੇ ਭਰਾਵਾਂ ਤੋਂ ਵਡੇ ਸਨ । ਉਹਨਾਂ ਨੂੰ ਵਡੇ ਸੰਤ ਕਿਹਾ ਜਾਂਦਾ ਸੀ। ਉਹ ਬਹੁਤ ਲੈਅ ਤਾਲ ਵਿਚ ਬੈਠਾਲ ਕੇ ਢੋਲਕ ਵਜਾਉਂਦੇ ਸਨ ਅਤੇ ਉਹਨਾਂ ਕੋਲ ਸ਼ਬਦਾਂ ਦੀਆਂ ਪੁਰਾਤਨ ਰੀਤਾਂ ਦਾ ਭੰਡਾਰ ਸੀ। ਇਕ ਤਾਂ ਉਹਨਾਂ ਦਾ ਪਿੰਡ ਖਾਰਾ ਸੀ ਸਿਆਲਕੋਟ ਦੇ ਜ਼ਿਲੇ ਵਾਲਾ ਜਿਥੇ ਸਾਰੇ ਹੀ ਰਾਗੀ ਹੁੰਦੇ ਸਨ ਅਤੇ ਦੂਸਰਾ ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਗਤ ਕੀਤੀ ਸੀ ਅਤੇ ਬਹੁਤ ਨਾਯਾਬ ਸੁਰ ਸੰਜੋਗ ਉਹਨਾਂ ਕੋਲ ਹੈਸਨ। ਉਹਨਾਂ ਵਖਰਿਆਂ ਵੀ ਕਦੀ ਢੋਲਕ ਲੈ ਕੇ ਮੈਨੂੰ ਹਾਰਮੋਨੀਅਮ ਤੇ ਬੈਠਾ ਕੇ ਅਭਿਆਸ ਕਰਾਉਣਾ। ਸੰਗੀਤ ਹੁੰਦਾ ਤਾਂ ਨਕਲ ਹੀ ਹੈ। ਸਾਡਾ ਕੰਮ ਰਿੜ ਪਿਆ ਅਤੇ ਜੰਮੂ ਵਿਚ ਸ਼ਬਦ ਕੀਰਤਨ ਦਾ ਸਾਰਾ ਕੰਮ ਅਸੀਂ ਵਧੀਆ ਸਾਰਣ ਲਗ ਪਏ। ਸਾਡਾ ਪੜ੍ਹੇ ਲਿਖੇ ਨੌਜਵਾਨਾਂ ਦਾ ਵੀ ਇਕ ਗਰੁਪ ਜਿਹਾ ਬਣ ਗਿਆ ਸੀ। ਖੁਸ਼ ਰਹਿਣ ਵਾਲਾ, ਕੀਰਤਨ ਕਰਨ ਵਾਲਾ ਅਤੇ ਦੇਸੀ ਘਿਓ ਦਾ ਤ੍ਰਿਭੋਲ ਕੜਾਹ ਪ੍ਰਸ਼ਾਦ ਛਕਣ ਵਾਲਾ।

ਸੰਨ ੧੯੬੫ ਦੀ ਵਿਸਾਖੀ ਤੋਂ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਜੰਮੂ ਆਏ। ਅਸੀਂ ਜਲੰਧਰ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਿਆ ਕਰਦੇ ਸਾਂ। ਜਿਹੜਾ ਬੰਦਾ ਸਤਿਗੁਰੂ ਜੀ ਨਾਲ ਸਿਧੀ ਗਲ ਕਰ ਸਕਦਾ ਹੁੰਦਾ ਸਾਨੂੰ ਬਹੁਤ ਹੀ ਵੱਡਾ ਲਗਦਾ। ਸਾਡੇ ਵਰਗੇ ਤਾਂ ਜਥੇਦਾਰਾਂ ਦੀ ਤਾਬਿਆ ਵਿਚਰਨ ਵਾਲੇ ਹੁੰਦੇ। ਜੰਮੂ ਵਾਲੇ ਤਾਂ ਸਤਿਗੁਰਾਂ ਬਾਰੇ ਇਵੇਂ ਗਲਾਂ ਕਰਦੇ ਜਿਵੇਂ ਇਹ ਬਹੁਤ ਨੇੜੇ ਹੋਣ ਅਤੇ ਸਚਮੁੱਚ ਗਲ ਹੈ ਵੀ ਇਵੇਂ ਹੀ ਸੀ ਪਰ ਮੈਨੂੰ ਨਹੀਂ ਸੀ ਪਤਾ। ਜਦੋਂ ਸਤਿਗੁਰੂ ਜੀ ਆਏ ਤਾਂ ਸੰਤਾਂ ਦੇ ਅਹਾਤੇ ਵਿਚ ਵਡੇ ਸਾਰੇ ਬਣੇ ਹੋਏ ਸ਼ੈਡ ਹੇਠ ਦੀਵਾਨ ਸਜੇ। ਮੈਂ ਕਾਲਰਾਂ ਵਾਲੀ ਚਿਟੀ ਕਮੀਜ਼ ਚਿਟਾ ਚੂੜੀਦਾਰ ਪਜਾਮਾ ਅਤੇ ਚਿੱਟੀ ਨੋਕ ਵਾਲੀ ਪੋਚਵੀਂ ਪੱਗ ਨਾਲ ਸੇਵਾ ਤੇ ਖੜਾ ਸਾਂ। ਦੂਸਰੇ ਦਿਨ ਮੁਖ ਦੀਵਾਨ ਤੋਂ ਪਹਿਲਾਂ ਜੰਮੂ ਦੇ ਜਥੇ ਨੇ ਸ਼ੁਰੂਆਤ ਕਰਨੀ ਸੀ। ਉਸ ਵੇਲੇ ਸਤਿਗੁਰੂ ਜੀ ਦੀਵਾਨ ਵਿਚ ਅਜੇ ਨਹੀਂ ਸਨ ਆਏ ਇਸ ਵਾਸਤੇ ਅਸੀਂ ਸੰਗਤ ਇਕੱਠੀ ਹੀ ਕਰਨੀ ਸੀ। ਇਕ ਸ਼ਬਦ ਪੜ੍ਹਿਆ ਤੇ ਪਿਛੋਂ ਫਿਰ ਵਡੇ ਜਥੇਦਾਰਾਂ ਦੇ ਦੀਵਾਨ ਲਗੇ। ਬਾਦ ਵਿਚ ਮੈਨੂੰ ਦਸਿਆ ਗਿਆ ਕਿ ਸਤਿਗੁਰੂ ਜੀ ਨੇ ਤੈਨੂੰ ਸ਼ਬਦ ਪੜ੍ਹਦੇ ਨੂੰ ਦੂਰੋਂ ਆਪਣੇ ਡੇਰੇ ਵਿਚੋਂ ਵੇਖ ਵੀ ਲਿਆ ਹੈ ਅਤੇ ਸੁਣ ਵੀ ਲਿਆ ਹੈ।



Sri Satguru Jagjit Singh Ji eLibrary NamdhariElibrary@gmail.com

ਸ਼ਾਮ ਨੂੰ ਇਕ ਮੀਟਿੰਗ ਸੀ ਜਾਂ ਘਰੇਲੂ ਜਿਹੀ ਇਕੱਤਰਤਾ। ਸਤਿਗੁਰੂ ਜੀ ਇਕ ਕੁਰਸੀ ਤੇ ਆਰਾਮ ਨਾਲ ਸ਼ਸੋਭਤ ਸਨ। ਸਾਰੇ ਪਰਿਵਾਰ ਆਲੇ ਦੁਆਲੇ ਬੈਠੇ ਸਨ। ਮਾਨੋ ਸਭ ਨੂੰ ਮਹਾਂ ਅਨੰਦ ਦਾ ਆਭਾਸ ਹੋ ਰਿਹਾ ਸੀ। ਸਤਿਗੁਰੂ ਜੀ ਦੇ ਅਤਿ ਨੇੜਿਓਂ ਬਚਨ ਬਿਲਾਸ ਸੁਣ ਕੇ ਸਭ ਤ੍ਰਿਪਤ ਹੋ ਰਹੇ ਸਨ। ਸਤਿਗੁਰੂ ਜੀ ਹਰ ਇਕ ਛੋਟੇ ਵਡੇ ਬੱਚੇ ਬੁੱਢੇ ਬਾਰੇ ਪੁਛ ਗਿਛ ਕਰ ਰਹੇ ਸਨ।

ਸਤਿਗੁਰੂ ਜੀ ਨੇ ਮੇਰੇ ਬਾਰੇ ਪੁਛਿਆ-ਇਹ ਕਾਕਾ ਕੌਣ ਹੈ? ਮਹੰਤ ਆਤਮਾ ਸਿੰਘ ਸਨਖਤਰਵੀ ਜੀ ਨੇ ਦਸਿਆ—ਇਹ ਜਲੰਧਰ ਵਾਲੇ ਜਥੇਦਾਰ ਨੱਥਾ ਸਿੰਘ ਦਾ ਪੁੱਤਰ ਹੈ ਅਤੇ ਜੰਮੂ ਵਿਚ ਕਾਰੋਬਾਰ ਲਈ ਆਇਆ ਹੈ। ਫੇਰ ਸਤਿਗੁਰੂ ਜੀ ਪੁਛਿਆ—ਕਿੰਨਾ ਪੜ੍ਹਿਆ ਹੈਂ? ਮੈਂ ਹੌਲੀ ਜਿਹੀ ਕਿਹਾ—ਜੀ, ਐਫ.ਏ. ਗਿਆਨੀ। ਸਤਿਗੁਰੂ ਜੀ ਨੇ ਇਸ ਗੱਲ ਤੇ ਬੜੀ ਖੁਸ਼ੀ ਅਤੇ ਹੈਰਾਨੀ ਪ੍ਰਗਟ ਕੀਤੀ।

ਸਤਿਗੁਰੂ ਜੀ ਕਹਿਣ ਲਗੇ ਜਥੇਦਾਰ ਏਨਾ ਕੰਮ ਕਰਦਾ ਹੈ ਤੂੰ ਵੀ ਏਸ ਬੰਨੇ ਅੱਗੇ ਆ। ਮੇਰੇ ਵਾਸਤੇ ਇਹ ਬਹੁਤ ਵਡੇ ਭਾਗ ਦੀ ਗੱਲ ਸੀ ਕਿ ਸਤਿਗੁਰੂ ਜੀ ਪਹਿਲੀ ਵਾਰ ਸਿਧਾ ਮੈਨੂੰ ਮੁਖਾਤਬ ਹੋ ਕੇ ਕੋਈ ਬਚਨ ਕਰ ਰਹੇ ਸਨ ਇਹ ਬਹੁਤ ਖੁਸ਼ੀ ਵਾਲੀ ਗੱਲ ਸੀ ਜਿਸ ਨਾਲ ਮੈਂ ਸਰਸ਼ਾਰ ਹੋ ਗਿਆ।

ਫੇਰ ਸਤਿਗੁਰੂ ਜੀ ਨੇ ਕਿਹਾ ਕਿ ਸ੍ਰੀ ਭੈਣੀ ਸਾਹਿਬ ਵਿਚ ਪੜ੍ਹੇ ਲਿਖੇ ਨੌਜਵਾਨਾਂ ਦਾ ਸੰਮੇਲਨ ਕਰਨਾ ਹੈ ਉਥੇ ਤੁਸੀਂ ਸਾਰੇ ਚਲੋ। ਉਪਰੰਤ ਪੁਛਿਆ ਕੌਣ ਕੌਣ ਚਲੇਗਾ? ਸਭ ਪਾਸੇ ਖਾਮੋਸ਼ੀ ਸੀ। ਕੁਝ ਵਕਫੇ ਬਾਦ ਸਤਿਗੁਰੂ ਜੀ ਕਿਹਾ ਕਿ ਗੁਰਦੇਵ, ਜਥੇਦਾਰ ਨੱਥਾ ਸਿੰਘ ਦੇ ਮੁੰਡੇ ਵਲ ਇਸ਼ਾਰਾ ਕਰ ਰਿਹਾ ਹੈ ਕਿ ਇਹ ਚੱਲੇ ਤਾਂ ਸਾਰੇ ਚੱਲਣਗੇ। ਅਸਲ ਵਿਚ ਗੁਰਦੇਵ ਸਿੰਘ ਮੇਰੇ ਪਿਛਲੇ ਪਾਸੇ ਖੜ੍ਹਾ ਸੀ ਅਤੇ ਉਥੋਂ ਹੀ ਉਹ ਇਸ਼ਾਰੇ ਕਰ ਰਿਹਾ ਸੀ। ਮੇਰੇ ਤਾਂ ਇਹ ਚਿੱਤ-ਚੇਤੇ ਵੀ ਨਹੀਂ ਸੀ। ਮੈਂ ਦੁਕਾਨਦਾਰ ਆਦਮੀ ਦੁਕਾਨ ਬੰਦ ਕਰਕੇ ਕਿਵੇਂ ਜਾ ਸਕਦਾ ਸਾਂ? ਇਹੀ ਸਭ ਤੋਂ ਵਡੀ ਦਲੀਲ ਸੀ ਜੋ ਮੈਂ ਦੇ ਦਿਤੀ। ਸਤਿਗੁਰਾਂ ਅਜਿਹੀਆਂ ਕਈ ਦਲੀਲਾਂ ਸੁਣੀਆਂ ਪਰਖੀਆਂ ਹੋਈਆਂ ਸਨ, ਕਹਿਣ ਲਗੇ—ਜੇ ਬਿਮਾਰ ਹੋ ਜਾਵੇਂ ਤਾਂ ਵੀ ਛੁੱਟੀ ਕਰੇਂਗਾ। ਇਸ ਗੱਲ ਨੇ ਮੇਰੀ ਛੁੱਟੀ ਕਰ ਦਿਤੀ। ਸਭ ਲਟਾ-ਪਲਾਣਾ ਛਡ-ਛਡਾਕੇ ਨਿਤ ਮੇਲਿਆਂ ਸਮਾਗਮਾਂ ਤੇ ਤੁਰ ਜਾਣ ਦੇ ਜੀਵਨ ਦਾ ਆਗਾਜ਼ ਹੋ ਗਿਆ। ਉਸ ਤੋਂ ਪਹਿਲਾਂ ਸੋਆਂ ਸੁਣ ਕੇ ਹੀ ਜੀਵੀਦਾ ਸੀ।

ਮਈ ਦੇ ਆਖੀਰਲੇ ਤਪਦੇ ਦਿਨ...ਸਿਖਰ ਦੁਪਹਿਰ ਦੇ ਵੇਲੇ ਅਸੀਂ ਕਟਾਨੀ ਦੇ ਅੱਡੇ ਤੇ ਉਤਰੇ। ਆਪਣਾ ਆਪਣਾ ਸਮਾਨ ਸਿਰਾਂ ਤੇ ਚੁਕਿਆ ਹੋਇਆ ਅਤੇ ਗੁਰਦੇਵ ਸਿੰਘ ਕਹੇ ਸੜਕ ਦਾ ਵਲਾ ਨਹੀਂ ਪਾਉਣਾ, ਸਿਧਾ ਖੇਤਾਂ ਵਿਚੋਂ ਦੀ ਭੈਣੀ ਸਾਹਿਬ ਜਾਣਾ ਹੈ। ਭੱਠ ਵਰਗੀ ਤਪਦੀ ਬਾਲੂ ਰੇਤ ਪੈਰਾਂ ਹੇਠ ਅਤੇ ਅਸੀਂ ਮਾਹੀ ਦੇ ਇਸ਼ਕ ਵਿਚ ਅੰਨ੍ਹੇ, ਉਸ ਤੇ ਛਪਾਛਪ ਤੁਰੇ ਜਾ ਰਹੇ ਸਾਂ।

ਭੈਣੀ ਸਾਹਿਬ ਇਕ ਖੁਲ੍ਹਾ ਆਸ਼ਰਮ ਸੀ। ਕੋਈ ਚਾਰਦੀਵਾਰੀ ਨਹੀਂ ਸੀ ਜਿਧਰੋਂ ਮਰਜ਼ੀ ਪ੍ਰਵੇਸ਼ ਕਰ ਜਾਵੋ। ਭੂਆ ਮਾਨ ਕੌਰ ਜੰਮੂ ਵਾਲਿਆਂ ਦੇ ਭੂਆ ਜੀ ਸਨ ਅਤੇ ਉਹ ਸ੍ਰੀ ਭੈਣੀ ਸਾਹਿਬ ਵਿਚ ਸੇਵਾ ਕਰਦੇ ਸਨ। ਉਹਨਾਂ ਸਾਨੂੰ ਵੱਖਰੇ ਕਮਰੇ ਵਿਚ ਬਿਠਾਇਆ। ਇਹ ਕੱਚਾ ਕਮਰਾ ਸੀ ਜਿਸ ਦੀ ਥਾਂ ਤੇ ਹੁਣ ਸੰਗੀਤ ਵਾਲਿਆਂ ਦਾ ਛੋਟਾ ਹਾਲ ਹੈ। ਇਸ ਤਰ੍ਹਾਂ ਵਿਸ਼ੇਸ਼ ਆਓ-ਭਗਤ ਦਾ ਮੇਰਾ ਪਹਿਲਾ ਤਜਰਬਾ ਸੀ। ਮੇਰਾ ਮਨ-ਭਾਉਂਦਾ ਭੋਜਨ ਦਹੀਂ ਚੌਲ ਵੀ ਸੀ। ਕਮਾਲ ਹੋਈ ਜਾ ਰਹੀ ਸੀ। ਫੇਰ ਹਲਚਲ ਜਿਹੀ ਹੋਈ। ਅਖੇ ਸੱਚੇ ਪਾਤਸ਼ਾਹ ਆ ਗਏ ਹਨ। ਤੇ ਦਰਵਾਜ਼ੇ ਵਿਚੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ—ਕਾਲੀ ਦਾੜ੍ਹੀ, ਖਿੜੀ ਮੁਸਕਾਨ। ਸਾਡੇ ਸਾਰਿਆਂ ਵਲ ਵੇਖ ਕੇ ਜਦੋਂ ਨਿਗਾਹ ਮੇਰੇ ਤੇ ਪਈ ਤਾਂ ਕਹਿਣ ਲਗੇ—ਅੱਛਾ ਆ ਗਿਐ, ਮੈਂ ਤੈਨੂੰ ਹੀ ਵੇਖਣ ਆਇਆ ਹਾਂ। ਏਨੇ ਬੋਲਾਂ ਨੇ ਤਾਂ ਮੇਰਾ ਤਾਰੀਖ ਜੁਗਰਾਫ਼ੀਆ ਬਦਲ ਕੇ ਰਖ ਦਿਤਾ।

ਚਲਦੇ ਪ੍ਰਸੰਗ ਵਿਚ ਇਹ ਗੱਲ ਲਿਖੀ ਹੈ। ਇਕ ਵਾਰ ਅਗੇ ਵੀ 'ਵਰਿਆਮ' ਵਿਚ ਇਸ ਤਰ੍ਹਾਂ ਦੀ ਗੱਲ ਛਪ ਚੁਕੀ ਹੈ। ਉਸ ਵੇਲੇ ਵਰਿਆਮ ਦੇ ਕੁਝ ਖਾਲੀ ਕਾਲਮ ਭਰਨ ਵਾਸਤੇ ਗਿਣਵੇਂ ਸ਼ਬਦਾਂ ਵਿਚ ਇਹ ਗੱਲ ਲਿਖੀ ਸੀ। ਇਕ ਸਾਧਾਰਨ ਵਰਤਾਰਾ ਸੀ, ਪਰ ਜਲੰਧਰ ਦਾ ਪ੍ਰਸਿਧ ਸਮਾਜ ਸੇਵਕ ਅਤੇ ਕਮਿਊਨਿਸਟ ਪਾਰਟੀ ਦਾ ਮਸ਼ਹੂਰ ਕਾਰਕੁਨ ਕਾਮਰੇਡ ਦਰਸ਼ਨ ਸਿੰਘ ਹਵਾਲਦਾਰ ਇਹ ਪੜ੍ਹ ਕੇ ਭਾਵੁਕ ਹੋ ਗਿਆ ਸੀ। ਇਕ ਕਾਮਰੇਡ ਬੰਦੇ ਵਲੋਂ ਇਸ ਧਾਰਮਕ ਗੱਲ ਤੇ ਭਾਵੁਕ ਹੋਣ ਦਾ ਕੋਈ ਕਾਰਨ ਨਹੀਂ ਸੀ, ਪਰ ਕਾਮਰੇਡ ਨੇ ਇਹ ਗੱਲ ਉਚੇਚਿਆਂ ਆਣ ਕੇ ਵੀ ਦੱਸੀ ਅਤੇ ਅਤੇ ਲਿਖ ਕੇ ਵੀ ਭੇਜੀ। ਕਾਮਰੇਡ ਦੇ ਦੱਸਣ ਅਨੁਸਾਰ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਾਮਰੇਡ



Sri Satguru Jagjit Singh Ji eLibrary NamdhariElibrary@gmail.com

ਹਵਾਲਦਾਰ ਦੇ ਸ਼ਬਦ ਸਨ ਕਿ "ਯਾਰ ! ਤੁਹਾਡਾ ਗੁਰੂ ਏਡਾ ਖਿਆਲ ਰਖਦਾ ਹੈ ? ਇਕ ਮਾਮੂਲੀ ਵਰਕਰ ਦੇ ਆਉਣ ਤੇ ਉਸ ਨੂੰ ਉਚੇਚਿਆਂ ਮਿਲਣ ਗਿਆ ! ਇਥੇ ਤਾਂ ਅਸੀਂ ਸਾਰੀ ਉਮਰ ਲਾ ਦਿਤੀ .. ਕਿਸੇ ਨੇ ਪੁਛਣਾ ਤਾਂ ਕੀ ਸੀ, ਸਗੋਂ ਸ਼ੱਕ ਹੀ ਕੀਤਾ ਜਾਂਦਾ ਰਿਹਾ । ਬਈ ਕਮਾਲ ਏ ਤੁਹਾਡਾ ਗੁਰੂ !"

ਕੋਈ ਦਸ ਕੁ ਕਮਰੇ ਸਨ ਸਾਧਾਰਨ ਰੂਪ ਵਿਚ ਬਣੇ ਹੋਏ । ਇਹ ਉਹ ਹੀ ਥਾਂ ਹੈ ਜੋ ਅਜ ਕਲ੍ਹ ਕੋਠੀ ਦੇ ਸਾਹਮਣੇ ਤਿੰਨ ਮੰਜ਼ਲਾਂ ਵਿਚ ਨਿਵਾਸ ਕਮਰੇ ਬਣੇ ਹੋਏ ਹਨ । ਇਕ ਕੱਚਾ ਕਮਰਾ ਸੀ ਜਿਹੜਾ ਐਨ ਉਸ ਥਾਂ ਤੇ ਸੀ ਜਿਥੇ ਅਜ ਕਲ੍ਹ ਸਰਪੰਚ ਸਾਹਿਬ ਦਾ ਕਮਰਾ ਹੈ । ਇਹ ਕੱਚਾ ਕੋਠਾ ਸਾਨੂੰ ਡੇਰਾ ਲਾਉਣ ਵਾਸਤੇ ਮਿਲਿਆ ਤਾਂ ਅਸਾਂ ਮਹਿਸੂਸ ਕੀਤਾ ਕਿ ਅਸੀਂ ਸੱਚਮੁਚ ਵੀ.ਆਈ.ਪੀ. ਹਾਂ । ਇਸ ਕਮਰੇ ਵਿਚ ਭੂੰਡਾਂ ਦਾ ਨਿਵਾਸ ਸੀ । ਕਮਰਾ ਸਾਫ ਕੀਤਾ ਤਾਂ ਕੁਝ ਭੂੰਡਾਂ ਨੂੰ ਪਰੇਸ਼ਾਨੀ ਹੋਈ ਕੁਝ ਸਾਨੂੰ । ਫੇਰ ਦੋਹਾਂ ਧਿਰਾਂ ਨੇ ਸਮਝ ਲਿਆ ਕੇ ਬਿਹਤਰੀ ਇਸ ਗਲ ਵਿਚ ਹੈ ਕਿ ਇਕ ਦੂਜੇ ਨੂੰ ਕੁਝ ਨਾ ਕਿਹਾ ਜਾਵੇ ।

ਦੁਪਹਿਰ ਦੇ ਬਾਦ ਦੇ ਦੀਵਾਨ ਵਿਚ ਅਸੀਂ ਹਰੀਮੰਦਰ ਵਿਚ ਜਾ ਸਤਿਗੁਰੂ ਜੀ ਨੂੰ ਮੱਥਾ ਟੇਕਿਆ । ਹਰੀਮੰਦਰ ਉਪਰ ਕੱਖਾਂ ਕਾਨਿਆਂ ਦਾ ਛੱਪਰ ਸੀ, ਪਰ ਅੰਦਰ ਇਕ ਸਲੀਕੇ ਵਿਚ ਨੌਜਵਾਨ ਬੈਠੇ ਹੋਏ ਸਨ । ਪ੍ਰੀਤਮ ਸਿੰਘ ਵੀ ਖੁਲ੍ਹੇ-ਡੁਲ੍ਹੇ ਕੱਪੜਿਆਂ ਵਿਚ ਕਾਪੀ ਪੈਂਸਲ ਲੈ ਕੇ ਅਗੇ ਜਿਹੇ ਬੈਠੇ ਸਨ । ਮਹੰਤ ਆਤਮਾ ਸਿੰਘ ਸਨਖਤਰਾ ਵੀ ਸਨ । ਸਤਿਗੁਰੂ ਜੀ ਨਾਲ ਉਹਨਾਂ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਸਨ । ਆਮ ਦੀਵਾਨਾਂ ਅਤੇ ਮੇਲਿਆਂ ਦੇ ਵਿਪਰੀਤ ਬਹੁਤ ਸ਼ਾਂਤੀ ਸੀ । ਗਿਣਤੀ ਕੋਈ ਸਵਾ ਕੁ ਸੌ ਦੀ ਸੀ ਜੀ ਬਾਦ ਵਿਚ ਬਹੁਤ ਵਧ ਗਈ । ਸਟੇਜ ਦੀ ਕਾਰਵਾਈ ਇਹ ਗੋਰਾ ਨਛੋਹ ਨੌਜਵਾਨ ਚਲਾ ਰਿਹਾ ਸੀ । ਛੋਟੀ ਛੋਟੀ ਦਾਹੜੀ ਤੇ ਉਚਾ ਕੱਦ । ਇਹ ਸ੍ਰੀਮਾਨ ਜੀ ਉਹ ਹੀ ਸੱਜਣ ਨੇ ਜੋ ਬਾਅਦ ਵਿਚ ਦਲੀਪ ਸਿੰਘ ਨਾਮਧਾਰੀ ਕਰਕੇ ਮਸ਼ਹੂਰ ਹਨ ਅਤੇ ਛੇ ਮਹੀਨੇ ਪਹਿਲਾ ਤਕ ਜਥੇ ਦੇ ਪ੍ਰਧਾਨ ਰਹੇ ਹਨ । ਉਸ ਇਕੱਠ ਵਿਚ ਕੋਈ ਬਾਕਾਇਦਾ ਪ੍ਰਧਾਨ ਸਕੱਤਰ ਨਹੀਂ ਸੀ । ਸਮਾਗਮ ਤੋਂ ਬਾਦ ਹੋਰ ਬਹੁਤ ਸਾਰੇ ਨੌਜਵਾਨ ਮਿਲੇ ਜਿਨ੍ਹਾਂ ਨੂੰ ਮਿਲਣ ਦਾ ਪਹਿਲਾ ਮੌਕਾ ਸੀ । ਇਕ ਜ਼ਬਰਦਸਤ ਹੁਲਾਰ ਸੀ ।

ਦੀਵਾਨ ਜਾਂ ਵਿਚਾਰ ਚਰਚਾ ਬਾਅਦ ਅਸੀਂ ਹੋਰ ਨੌਜਵਾਨਾਂ ਨੂੰ ਮਿਲੇ । ਰਾਤ ਨੂੰ ਲੰਗਰ ਵਰਾਂਡੇ ਵਿਚ ਛੱਕਿਆ । ਨੌਜੁਆਨਾਂ ਲਈ ਲੰਗਰ ਦੀ ਵਿਵਸਥਾ ਵਖਰੀ ਸੀ । ਬਹੁਤ ਵਧੀਆ । ਲੰਗਰ ਦੀ ਗਲ ਨਾਲ ਇਨਸਾਫ ਤਦ ਹੀ ਹੋਵੇਗਾ ਜੇ ਇਸ ਦਾ ਜ਼ਿਕਰ ਬਾਦ ਵਿਚ ਕੀਤਾ ਜਾਵੇ ।

ਰਾਤ ਨੂੰ ਕਮਰਿਆਂ ਦੀ ਸਾਂਝੀ ਛੱਤ ਉਪਰ ਸੁਤੇ । ਹੇਠ ਕੱਖਾਂ ਦੀਆਂ ਸਫਾਂ ਅਤੇ ਉਤੇ ਅਸੀਂ। ਇਥੇ ਹੀ ਕੁਝ ਜੁਆਨਾਂ ਨੇ ਢੋਲਕ ਛੈਣਿਆਂ ਨਾਲ ਦੀਵਾਨ ਲਾ ਦਿਤਾ । ਥੋਹੜੀ ਹੀ ਦੇਰ ਬਾਦ ਛੱਤ ਤੇ ਸਤਿਗੁਰੂ ਜੀ ਵੀ ਖੁਦ ਆ ਕੇ ਦੀਵਾਨ 'ਚ ਸੁਸ਼ੋਭਤ ਹੋ ਗਏ । ਸਭ ਸੁਤੇ ਹੋਏ ਆਪ ਵੀ ਜਾਗ ਪਏ । ਨਾਲ ਹੀ ਸੁਤੇ ਭਾਗ ਵੀ ਜਾਗ ਪਏ । ਸਤਿਗੁਰੂ ਜੀ ਨੇ ਸਮਾਪਤੀ ਤੇ ਏਨਾ ਹੀ ਕਿਹਾ ਕਿ ਹੁਣ ਤੁਸੀਂ ਬਰਾਜ ਜਾਵੋ ਤੜਕੇ ਤਿੰਨ ਵਜੇ ਆਸਾ ਦੀ ਵਾਰ ਦੇ ਕੀਰਤਨ ਵਾਸਤੇ ਜਾਗਣਾ ਹੈ । ਸ਼ਹਿਰਾਂ ਵਿਚੋਂ ਆਏ ਕਈ ਜਵਾਨਾਂ ਨੇ ਦਸਿਆ ਕਿ ਉਹਨਾਂ ਨੂੰ ਅਜ ਪਹਿਲੀ ਵਾਰ ਪਤਾ ਲਗਾ ਹੈ ਕਿ ਆਸਮਾਨ ਤੇ ਤਾਰੇ ਹੁੰਦੇ ਨੇ ਅਤੇ ਬਹੁਤ ਸੋਹਣੇ ਲਗਦੇ ਨੇ ।

ਭੈਣੀ ਸਾਹਿਬ ਅਜ ਵਰਗਾ ਨਹੀਂ ਸੀ । ਬਹੁਤ ਸਾਰੇ ਕਮਰੇ ਹੋਣ ਫਲਸ਼ ਟੱਟੀਆਂ ਤੇ ਗੁਸਲਖਾਨਿਆਂ ਵਾਲਾ । ਉਦੋਂ ਦੂਰ ਬਾਹਰ ਖੇਤਾਂ ਵਿਚ ਜੰਗਲ ਪਾਣੀ ਵਾਸਤੇ ਜਾਈਦਾ ਸੀ । ਜੇ ਕੋਈ ਖੂਹ ਚਲਦਾ ਹੋਵੇ ਤਾਂ ਉਥੋਂ ਇਸ਼ਨਾਨ ਕਰੀਦਾ ਸੀ । ਨਹੀਂ ਤਾਂ ਭੈਣੀ ਸਾਹਿਬ ਡੇਰੇ ਵਿਚ ਤਿੰਨ ਕੁ ਖੂਹੀਆਂ ਸਨ । ਉਥੇ ਕੁਝ ਨੌਜਵਾਨ ਇਹ ਕੰਮ ਕਰਦੇ ਸਨ ਕਿ ਉਹ ਵੱਡੇ ਵੱਡੇ ਗੜਵੇ ਡੋਰੀ ਨਾਲ ਖੂਹੀਆਂ ਵਿਚ ਸੁਟਦੇ ਸਨ । ਭੌਣੀਆਂ ਗੇੜ ਕੇ ਜਲ ਕਢਦੇ ਅਤੇ ਇਸ਼ਨਾਨ ਕਰਾਈ ਜਾਂਦੇ । ਇਹ ਸੇਵਾ ਕਾਰਜ ਲਈ ਸੇਵਾਦਾਰ ਬਦਲਦੇ ਵੀ ਰਹਿੰਦੇ । ਜਥਿਆਂ ਵਾਲੇ ਤਗੜੇ ਜੁਆਨ ਇਹ ਸੇਵਾ ਕਰਾਉਂਦੇ । ਨਾਮਧਾਰੀ ਮਰਿਆਦਾ ਵਿਚ ਤਾਂ ਹਰ ਇਸ਼ਨਾਨ ਨਾਲ ਕੇਸਾਂ ਵਿਚ ਜਲ ਪਾਉਣਾ ਹੁੰਦਾ ਹੈ । ਜਲ ਪਾ ਕੇ ਤੌਲੀਏ ਨਾਲ ਜਲ ਨਚੋੜ ਕੇ ਫਿਰ ਦਸਤਾਰ ਇਸ ਢੰਗ ਸਜਾਈ ਜਾਂਦੀ ਹੈ ਕਿ ਜਲ ਵਾਲੇ ਕੇਸ ਦਸਤਾਰ ਵਿਚ ਵਲੇਟੇ ਵਲੇਟੇ ਸੁਕਦੇ ਰਹਿਣ ਅਤੇ ਬਾਅਦ ਵਿਚ ਜਦੋਂ ਸਮਾਂ ਮਿਲੇ ਉਹਨਾਂ ਨੂੰ ਮੁੜ ਖੁਲ੍ਹੀ ਹਵਾ ਲਵਾ ਕੇ ਬਾਕਾਇਦਾ ਦਸਤਾਰ ਮੁੜ ਸਜਾਈ ਜਾਂਦੀ ਹੈ । ਇਸ ਤਰੀਕੇ ਨਾਲ ਰੋਜ਼ ਕੇਸੀਂ



Sri Satguru Jagjit Singh Ji eLibrary NamdhariElibrary@gmail.com

ਇਸ਼ਨਾਨ ਕਰਕੇ ਵਾਲ ਸੁਕਾਉਣ ਦੀ ਜ਼ਰਾ ਵੀ ਪਰੇਸ਼ਾਨੀ ਨਹੀਂ ਹੁੰਦੀ। ਬਾਅਦ ਦੇ ਸਮਾਗਮਾਂ ਵਿਚ ਸਤਿਗੁਰੂ ਜੀ ਨੇ ਇਹ ਗਲ ਆਪ ਦਸੀ । ਆਸਾ ਦੀ ਵਾਰ ਵਿਚ ਜਾਣ ਵਾਸਤੇ ਗਿਲੇ ਕੇਸਾਂ ਨੂੰ ਵਲੇਟਣ ਵਾਲੀ ਦਸਤਾਰ ਕਈ ਬਹੁਤ ਸੋਹਣੀ ਬੰਨਦੇ ਸਨ। ਮੈਂ ਤਾਂ ਪੱਗ ਵੀ ਨੋਕਦਾਰ ਬੰਨਦਾ ਸਾਂ। ਪਹਿਲੀ ਵਾਰ ਜਤਨ ਕੀਤਾ ਕਿ ਉਵੇਂ ਦੀ ਨਾਮਧਾਰੀ ਦਸਤਾਰ ਬੰਨਾਂ। ਮੈਂ ਜਦੋਂ ਵੀ ਇਹ ਦਸਤਾਰ ਬੰਨੀ, ਇਹ ਇਕ ਗੁੱਤ ਜਿਹੀ ਬਣ ਜਾਵੇ। ਮੈਨੂੰ ਪ੍ਰਭਾਵਸ਼ਾਲੀ ਨਾ ਲਗੇ। ਇਹ ਤਾਂ ਮਨ ਵਿਚ ਆਇਆ ਨਹੀਂ ਸੀ ਕਿ ਸਾਧ ਸੰਗਤ ਵਿਚ ਪ੍ਰਭਾਵਸ਼ਾਲੀ ਬਣ ਕੇ ਨਹੀਂ ਜਾਣਾ ਚਾਹੀਦਾ ਅਤੇ ਸ਼ਾਇਦ ਅਜੇ ਤਕ ਵੀ ਨਹੀਂ ਆਇਆ। ਚੰਗੀ ਦਸਤਾਰ ਵਾਸਤੇ ਉਸਤਾਦ ਦੀ ਲੋੜ ਸੀ। ਗੁਰਦੇਵ ਸਿੰਘ ਹੀ ਸੀ ਜੋ ਇਹ ਸਾਰੀਆਂ ਉਸਤਾਦੀਆਂ ਦਸਦਾ ਸੀ। ਜਦੋਂ ਉਸ ਜੁਗਤ ਸਮਝਾ ਦਿਤੀ ਤਾਂ ਮੈਨੂੰ ਪੱਗਾਂ ਦੇ ਵਲਾਂ ਦਾ ਵੱਲ ਆ ਗਿਆ।

ਖੁਲੇ ਆਕਾਸ਼ ਥੱਲੇ ਹੀ ਬੋਹੜਾਂ ਕੋਲ ਆਸਾ ਦੀ ਵਾਰ ਦਾ ਕੀਰਤਨ ਸੀ। ਥੱਲੇ ਸਫਾਂ ਵਛਾ ਕੇ ਸਾਧ ਸੰਗਤ ਬੈਠੀ ਸੀ। ਢੋਲਕ ਛੈਣਿਆਂ ਦਾ ਕੀਰਤਨ ਬਦੋ ਬਦੀ ਆਕਰਸ਼ਤ ਕਰਦਾ ਸੀ।

ਸਵੇਰੇ ਅੱਠ ਵਜੇ ਪਹਿਲਾ ਸੈਸ਼ਨ ਸ਼ੁਰੂ ਹੋਇਆ। ਬਹੁਤ ਸਾਰੇ ਧਾਰਮਕ ਸਮਾਜਕ ਅਤੇ ਇਤਿਹਾਸਕ ਵਿਸ਼ੇ ਚੁਣ ਕੇ ਉਹਨਾਂ ਉਤੇ ਬੋਲਣ ਵਾਸਤੇ ਨੌਜਵਾਨਾਂ ਨੂੰ ਪੰਜ ਪੰਜ ਦਸ ਦਸ ਮਿੰਟ ਦਿਤੇ ਜਾ ਰਹੇ ਸਨ। ਬਾਦ ਵਿਚ ਕੋਈ ਵਿਦਵਾਨ ਸਿਆਣਾ ਜਾਂ ਸਤਿਗੁਰੂ ਜੀ ਆਪ ਕੋਈ ਨੁਕਤਾ ਸਮਝਾ ਦਿੰਦੇ।

ਇਸ ਸਮਾਗਮ ਵਿਚ ਮੈਥੋਂ ਇਕ ਗੁਸਤਾਖੀ ਹੋ ਗਈ। ਇਕ ਜੁਆਨ ਸ਼ਾਇਦ ਮੰਡੀ ਹਿਮਾਚਲ ਦਾ ਸੀ ਜੋ ਤਕਰੀਰ ਕਰ ਰਿਹਾ ਸੀ। ਉਹ ਸਮਾਜਕ ਕੁਰੀਤੀਆਂ ਤੇ ਬਹੁਤ ਬੇਬਾਕੀ ਨਾਲ ਬੋਲ ਰਿਹਾ ਸੀ। ਜਦੋਂ ਉਹ ਜੋਸ਼ ਵਿਚ ਬੋਲਦਾ ਕਹਿ ਰਿਹਾ ਸੀ। "ਨਾਮਧਾਰੀਏ ਬਲੈਕ ਕਰਦੇ ਨੇ। ਆਹ ਕਰਦੇ ਨੇ ਉਹ ਕਰਦੇ ਨੇ" ਤਾਂ ਮੇਰੇ ਮੂੰਹੋਂ ਅਚਾਨਕ ਨਿਕਲ ਗਿਆ 'ਸਬੂਤ ਪੇਸ਼ ਕਰੋ।' ਇਹ ਸੁਤੇ ਸਿਧ ਹੀ ਮੂੰਹੋ ਨਿਕਲਿਆ ਸੀ। ਜੁਆਨ ਦੀ ਤਕਰੀਰ ਵਿਚ ਫਰਕ ਪੈ ਗਿਆ। ਪਰ ਚੰਗੀ ਗਲ ਇਹ ਹੋਈ ਕਿ ਜਿਸ ਗੁਸਤਾਖੀ ਤੋਂ ਮੈਂ ਪਸ਼ੇਮਾਨ ਸਾਂ ਸਤਿਗੁਰੂ ਜੀ ਨੇ ਇਸੇ ਗਲ ਦੀ ਤਾਰੀਫ ਕਰ ਦਿਤੀ ਕਿ ਕੋਈ ਗਲ ਬਗੈਰ ਠੋਸ ਸਬੂਤ ਦੇ ਨਹੀਂ ਕਰਨੀ ਚਾਹੀਦੀ ਅਤੇ ਮੇਰੀ ਟੋਕ ਨੂੰ ਸਲਾਹਿਆ ਵੀ ਕਿ ਇਵੇਂ ਕਹਿਣਾ ਜਾਇਜ਼ ਸੀ। ਸਾਡੀ ਗਲ ਦਾ ਮੁਲ ਪੈ ਗਿਆ ਸੀ।

ਦੁਪਹਿਰ ਬਾਦ ਦੇ ਸੈਸ਼ਨ ਵਿਚ ਬੋਲਣ ਵਾਸਤੇ ਬੁਲਾਰੇ ਦੀ ਆਪਣੀ ਮਰਜ਼ੀ ਹੁੰਦੀ ਅਤੇ ਹਰ ਜਥੇ ਵਲੋਂ ਇਕ ਦੋ ਜੁਆਨ ਬੋਲਦੇ (ਜਾਂ ਬੋਲਣ ਦਾ ਹੁਕਮ ਮੰਨਦੇ) ਜੰਮੂ ਵਾਲਿਆਂ ਚੋਂ ਪ੍ਰੀਤਮ ਸਿੰਘ ਜੀ ਬਹੁਤ ਵਧੀਆ ਬੁਲਾਰੇ ਸਨ ਪਰ ਇਕ ਤਾਂ ਉਹ ਦਿੱਲੀ ਵਲੋਂ ਆਏ ਸਨ ਤੇ ਦੂਸਰਾ ਸ਼ਾਇਦ ਮਕਸਦ ਹੀ ਸੀ ਨਵੇਂ ਜੁਆਨਾਂ ਨੂੰ ਉਤਸ਼ਾਹਤ ਕਰਨਾ ਇਸ ਵਾਸਤੇ ਮੇਰਾ ਨਾਂਅ ਦੇ ਦਿਤਾ ਗਿਆ। ਮੈਂ ਕੀ ਬੋਲਦਾ? ਬਸ ਕਹਿ ਦਿਤਾ ਕਿ ਇਥੇ ਆ ਕੇ ਬੜਾ ਅਨੰਦ ਆਇਆ ਹੈ। ਆਪਣੇ ਵਿਚ ਇਕ ਤਬਦੀਲੀ ਆਈ ਮਹਿਸੂਸ ਕੀਤੀ ਹੈ। ਨੌਜੁਆਨਾਂ ਦੇ ਇਹ ਪ੍ਰੋਗਰਾਮ ਚਲਣੇ ਚਾਹੀਦੇ ਹਨ ਇਸ ਵਾਸਤੇ ਕੋਈ ਪੱਕੀ ਜਥੇਬੰਦੀ ਬਣਾਈ ਜਾਵੇ।" ਇਹੋ ਜਿਹੀਆਂ ਗਲਾਂ ਹੋਰ ਸਿਆਣਿਆਂ ਵੀ ਕੀਤੀਆਂ। ਉਹਨਾਂ ਤਾਂ ਸ਼ਾਇਦ ਸੰਮੇਲਨ ਹੀ ਇਸੇ ਕਰਕੇ ਰਖਿਆ ਸੀ ਪਰ ਮੇਰੀ ਗਲ ਹੈ ਸੀ ਤਾਂ ਆਪਣੀ ਆਜ਼ਾਦ ਦਲੀਲ ਪਰ ਪ੍ਰੋੜਤਾ ਉਹਨਾਂ ਦੀ ਹੀ ਹੋ ਗਈ ਸੀ ਇਹ ਬਾਦ ਵਿਚ ਪਤਾ ਲਗਾ।

ਰਾਤ ਨੂੰ ਆਰਾਮ ਕਰਨ ਤੋਂ ਪਹਿਲਾਂ ਛੱਤ ਤੇ ਮੁੜ ਸਤਿਗੁਰੂ ਜੀ ਆਏ। ਮੈਨੂੰ ਕਹਿਣ ਲਗੇ ਤੁਸੀਂ ਜਥੇਬੰਦੀ ਦਾ ਕੁਝ ਬਣਾਇਆ ਕਿ ਨਹੀਂ? ਮੈਨੂੰ ਇਸ ਕਥਨ ਦੀ ਸਚਾਈ ਪਤਾ ਲਗੀ "ਪਹਿਲਾਂ ਤੋਲੋ ਫ਼ਿਰ ਬੋਲੋ"—ਜੇ ਗਲ ਕਹੀ ਹੈ ਤਾਂ ਉਸ ਦਾ ਮਤਲਬ ਵੀ ਕੁਝ ਹੁੰਦਾ ਹੈ। ਮੈਂ ਤਾਂ ਭਾਸ਼ਣ ਦੀ ਮਜਬੂਰੀ ਵਿਚ ਇਹ ਗਲ ਕਹੀ ਸੀ ਜਿਵੇਂ ਆਮ ਤਕਰੀਰ ਵਾਲੇ ਕਰਦੇ ਹਨ ਪਰ ਜੋ ਗਲਾਂ ਤਕਰੀਰ ਵਿਚ ਕਹੀਆਂ ਜਾਂਦੀਆਂ ਹਨ ਉਹ ਕਰਨੀਆਂ ਥੋਹੜੀਆਂ ਹੁੰਦੀਆਂ ਹਨ ਪਰ ਇਥੇ ਦੁਨੀਆਂ ਨਾਲੋਂ ਵਰਤਾਰਾ ਹੋਰ ਸੀ। ਅਵਲ ਤਾਂ ਇਹ ਸੀ ਕਿ ਕਰੋ ਜ਼ਿਆਦਾ ਬੋਲੋ ਘੱਟ। ਪਰ ਜੋ ਬੋਲੋ ਤਾਂ ਕਰੋ ਵੀ। ਸਤਿਗੁਰੂ ਜੀ ਦੇ ਪ੍ਰਸ਼ਨ ਸਾਹਮਣੇ ਮੈਂ ਬੇਬਸ ਸਾਂ। ਉਂਝ ਵੀ ਸਤਿਗੁਰੂ ਜੀ ਦੇ ਸਨਮੁਖ ਅਜ ਤਕ ਵੀ ਗਲ ਨਹੀਂ ਹੁੰਦੀ। ਇਹ ਤਾਂ ਉਹ ਹੀ ਹਨ ਜੋ ਬਚਿਆਂ ਪ੍ਰਤੀ ਉਦਾਰ ਸਨ ਤੇ ਸਾਡੀਆਂ ਯਭਲੀਆਂ ਵੀ ਬਰਦਾਸ਼ਤ ਰਕਦੇ ਸਨ। ਉਹਨਾਂ ਦੀ ਪੁੱਛ ਦੇ ਉਤਰ ਵਿਚ ਮੇਰੇ ਮੂੰਹੋਂ ਇਹ ਸ਼ਬਦ ਨਿਕਲੇ "ਜੀ ਮੈਂ ਕਿਹਾ ਸੀ ਕਿ ਜਥੇਬੰਦੀ ਬਣਾਈ ਜਾ-ਵੇ...।" ਜਾਵੇ ਸ਼ਬਦ ਨੂੰ ਮੈਂ ਲਮਕਾ ਕੇ ਕਿਹਾ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਕਿਹਾ ਗਲ ਕਰਨ ਦਾ ਇਹ ਵਧੀਆ ਤਰੀਕਾ ਹੈ। ਅਗਲੇ ਦਿਨ ਪਰਵਚਨ ਵਿਚ ਆਪ ਜੀ ਨੇ ਮੇਰਾ ਨਾਂਅ ਲਏ ਤੋਂ ਬਗੈਰ ਕਿਹਾ ਕਿ ਗਲ ਇਵੇਂ ਵੀ ਕਹੀ ਜਾ ਸਕਦੀ ਹੈ। ਮੇਰੇ ਜੀਵਨ ਵਿਚ ਇਹ ਅਕਸਰ ਹੋਇਆ ਹੈ ਕਿ ਗਲ ਮੂੰਹੋਂ ਨਿਕਲੀ ਤਾਂ ਸੁੱਤੇ ਸਿਧ ਹੀ ਪਰ ਉਹ ਪਿਛਾ ਨਹੀਂ ਛਡਦੀ। ਅਸੀਂ ਜਥੇਬੰਦੀ ਬਨਾਉਣ ਵਾਸਤੇ ਮੀਟਿੰਗਾਂ ਕਰਨ ਵਿਚ ਰੁੱਝ ਗਏ।

ਇਸ ਸੰਮੇਲਨ ਵਿਚ ਮੈਂ ਭਾਰਤ ਦੇ ਪਰਮੁਖ ਵਿਅਕ-ਤੀਆਂ ਨੂੰ ਪਹਿਲੀ ਵਾਰ ਮਿਲਿਆ ਸਾਂ। ਦੂਰ ਬਚਪਣ ਵਿਚ ਮੈਂ ਆਪਣੇ ਪਿਤਾ ਜੀ ਨੂੰ ਵੇਖਦਾ ਸਾਂ ਕਿ ਉਹ ਪੱਟੀ ਜਾਂ ਤਖਤੀ ਉਤੇ ਗੁਰਮੁਖੀ ਲਿਖਿਆ ਕਰਦੇ ਸਨ। ਮੈਂ ਕਿਹਾ ਤੁਸੀਂ ਕਿਸ ਦੇ ਕੋਲੋਂ ਪੜ੍ਹਦੇ ਹੋ ? ਤਾਂ ਉਨ੍ਹਾਂ ਦਸਿਆ ਕਿ ਮਾਸਟਰ ਨਿਹਾਲ ਸਿੰਘ ਜੀ ਕੋਲੋਂ। ਮਾਸਟਰ ਨਿਹਾਲ ਸਿੰਘ ਜੀ ਰਾਵਲਪਿੰਡੀ ਸਕੂਲ ਵਿਚ ਅਧਿਆਪਕ ਸਨ ਪਰ ਬਾਲਗ ਅਨਪੜ੍ਹਾਂ ਨੂੰ ਗੁਰਮੁਖੀ ਦੀ ਸਿਖਿਆ ਦਿੰਦੇ ਸਨ। ਉਹਨਾਂ ਦਾ ਨਾਂਅ ਵੀ ਸੁਣਿਆ ਸੀ, ਦਰਸ਼ਨ ਵੀ ਕੀਤੇ ਹੋਏ ਸਨ ਮਨ ਵਿਚ ਬਹੁਤ ਸਤਿਕਾਰ ਵੀ ਸੀ ਪਰ ਨੇੜਿਉਂ ਦੇਖਣ ਦਾ ਇਹ ਪਹਿਲਾ ਮੌਕਾ ਸੀ। ਹਰ ਇਕ ਦੀ ਪਰਸੰਸਾ ਹੀ ਉਹਨਾਂ ਦੇ ਮੂੰਹੋ ਨਿਕਲਦੀ ਸੀ ਅਤੇ ਜਿਉਂ ਜਿਉਂ ਜਵਾਨਾਂ ਦੀ ਗਿਣਤੀ ਵਧਦੀ ਜਾਂਦੀ ਸੀ ਉਹਨਾਂ ਦੇ ਖੁਸ਼ ਚਿਹਰੇ ਦਾ ਫੈਲਾਓ ਵਧਦਾ ਜਾਂਦਾ ਸੀ। ਉਹ ਭਾਸ਼ਣ ਵੀ ਕਰਦੇ ਸਨ ਅਤੇ ਸਾਡੇ ਵਿਚ ਫੁਟਬਾਲ ਵੀ ਖੇਡ ਲੈਂਦੇ ਸਨ। (ਫੁਟਬਾਲ ਸਤਿਗੁਰੂ ਜੀ ਵੀ ਖੇਡਦੇ ਸਨ)। ਮਾਸਟਰ ਜੀ ਦੀ ਸੰਗਤ ਬਹੁਤ ਚੰਗੀ ਲਗੀ। ਅਜ ਤਕ ਉਹਨਾਂ ਦੀ ਸੰਗਤ ਦਾ ਨਿਘ ਅਤੇ ਠੰਢ ਪ੍ਰਾਪਤ ਹੈ।

ਸ੍ਰੀ ਪ੍ਰੀਤਮ ਸਿੰਘ ਕਵੀ ਸਤਿਜੁਗ ਦੇ ਸੰਪਾਦਕ ਸਨ। ਹਰ ਗਲ ਦੀ ਸਿਫਤ ਲਈ ਕੋਈ ਰਾਹ ਕਢ ਲੈਣ ਵਾਲੇ। ਬੋਲਣ ਲਗਿਆਂ ਸ਼ਬਦਾਂ ਦੀਆਂ ਮਾਤਰਾਂ ਦਾ ਠੀਕ ਉਚਾਰਣ ਕਰਨ ਵਾਲੇ। ਖੂਬਸੂਰਤ ਪਹਿਰਾਵੇ ਵਾਲੇ ਚੁਸਤੀ ਨਾਲ ਤੁਰਨ ਫਿਰਨ ਵਾਲੇ। ਬੌਹੜੇ ਕੁ ਲੰਮੇ ਦੰਦ ਅਤੇ ਕਰੜ ਬਰੜੀ ਦਾਹੜੀ। (ਇਹਨਾਂ ਦੇ ਦੰਦਾਂ ਦੀ ਹੁਣ ਵਾਲੀ ਖੂਬਸੂਰਤੀ ਬਾਦ ਦੀ ਗੱਲ ਹੈ)। ਇਕ ਵਾਰ ਪਹਿਲਾਂ ਸਤਿਜੁਗ ਦੇ ਦੋ ਵਿਸ਼ੇਸ਼ ਅੰਕ ਡਾਕ ਵਿਚ ਨਾ ਮਿਲੇ ਜਿਵੇਂ ਅਜ ਵੀ ਹੋ ਜਾਂਦਾ ਹੈ ਤਾਂ ਮੈਂ ਇਕ ਛੋਟਾ ਜਿਹਾ ਖਤ ਲਿਖਿਆ। ਖਤ ਲਿਖਣਾ ਕੋਈ ਖਾਸ ਗਲ ਨਹੀਂ ਪਰ ਖਾਸ ਗਲ ਇਹ ਹੋਈ ਕਿ ਕਵੀ ਜੀ ਦਾ ਜੁਆਬ ਵੀ ਆ ਗਿਆ ਕਿ ਮੇਲੇ ਤੇ ਅੰਕ ਦਸਤੀ ਲੈ ਲੈਣਾ ਆਹ ਖਤ ਵਿਖਾ ਕੇ। ਮੇਲੇ ਉਤੇ ਮੈਂ ਅੰਕ ਪ੍ਰਾਪਤ ਕਰਕੇ ਬਹੁਤ ਖੁਸ਼ੀ ਪ੍ਰਾਪਤ ਕੀਤੀ। ਮੈਂ ਉਸ ਖੁਸ਼ੀ ਨੂੰ ਯਾਦ ਰਖਦਿਆਂ ਹੋਇਆਂ ਅਜ ਵਰਿਆਮ ਦੁਬਾਰਾ ਭੇਜਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ।

ਇਸ ਸਮੇਲਨ ਤੋਂ ਪਹਿਲਾਂ ਮੰਡੀ ਹਿਮਾਚਲ ਵਿਚ ਇਕ ਯੁਵਕ ਇਕੱਠ ਹੋਇਆ ਸੀ। ਪਰਬੰਧਕਾਂ ਦੀ ਅਖਬਾਰੀ ਖੁਲੀ ਮੰਗ ਤੇ ਮੈਂ ਆਪਣੇ ਵਿਚਾਰ ਲਿਖ ਕੇ ਭੇਜੇ ਸਨ। ਉਹ ਲਿਖਤ ਅਜੇ ਤਕ ਦੁਬਾਰਾ ਮੈਂ ਨਹੀਂ ਵੇਖੀ। ਪਤਾ ਨਹੀਂ ਕਿਥੇ ਗਈ ਜਿਵੇਂ ਹਥਲੇ ਮਜਮੂਨ ਵਰਗਾ ਇਕ ਲੇਖ ਅਲੋਪ ਹੋ ਗਿਆ ਹੈ ਪਰ ਕਵੀ ਜੀ ਨੂੰ ਯਾਦ ਸੀ ਮੈਨੂੰ ਅੰਕ ਲਈ ਖਤ ਲਿਖਣਾ ਅਤੇ ਮੰਡੀ ਵਿਚ ਮਜਮੂਨ ਪੁਜਣਾ। ਇਹਨਾਂ ਦੋਹਾਂ ਗਲਾਂ ਦੀ ਅਤੇ ਲਿਖਤ ਦੀ ਉਹਨਾਂ ਸਿਫਤ ਕੀਤੀ ਜਿਵੇਂ ਉਹ ਅਜ ਵੀ ਕਰਦੇ ਹਨ। ਇਸ ਗਲ ਨੇ ਉਹਨਾਂ ਨਾਲ ਗਲਾਂ ਕਰਨ ਦਾ ਝਾਕਾ ਘਟ ਗਿਆ।

ਸ, ਤੀਰਥ ਸਿੰਘ ਹੰਸਪਾਲ ਚੰਡੀਗੜ੍ਹ ਵਾਲੇ ਰਿਸ਼ਤੇ-ਦਾਰ ਵੀ ਸਨ। ਉਹ ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿਚ ਕੰਮ ਕਰਦੇ ਸਨ। ਉਹ ਬਹੁਤ ਮਿਲਾਪੜੇ ਸੁਭਾਅ ਦੇ ਅਤੇ ਪੜ੍ਹਣ ਲਿਖਣ ਦੀ ਰੁਚੀ ਰਖਦੇ ਸਨ। ਉਹਨਾਂ ਬਹੁਤ ਪਿਆਰ ਦਿਤਾ।

ਦੋ 'ਸਨੇਹੀ' ਇਸ ਸਮਾਗਮ ਵਿਚ ਬਹੁਤ ਸਰਗਰਮ ਸਨ। ਸੰਤ ਸਵਰਨ ਸਨੇਹੀ ਸ਼ਾਹਪੁਰ ਦੁਆਬੇ ਵਾਲੇ ਅਤੇ ਸਤਿਪਾਲ ਸਿੰਘ ਸਨੇਹੀ ਮੰਡੀ ਹਿਮਾਚਲ ਵਾਲੇ। ਸਤਪਾਲ ਸਿੰਘ ਸਨੇਹੀ ਫੋਟੋਗਰਾਫੀ ਦਾ ਕੰਮ ਕਰਦੇ ਸਨ ਅਤੇ ਇਕ ਸਾਲ ਪਹਿਲਾਂ ਮੰਡੀ ਵਾਲੇ ਸੰਮੇਲਨ ਵਿਚ ਉਹਨਾਂ ਦੀ ਖਾਸ ਭੂਮਿਕਾ ਸੀ ਅਤੇ ਮਸ਼ਹੂਰ ਵਿਅਕਤੀ ਸਨ। ਸਵਰਨ ਸਿੰਘ ਜੀ ਸੰਤੁਲਤ ਗਲ ਕਰਦੇ ਅਤੇ ਰੀਜ਼ਰਵ ਸੁਭਾਅ ਦੇ ਸਨ। ਦੁਆਬੇ ਚੋਂ ਹੀ ਸ. ਗੁਰਦੇਵ ਸਿੰਘ ਚਘਰ ਉਸ ਵੇਲੇ ਰਾਮਗੜੀਆ ਪਾਲੀਟੈਕਨਿਕ ਫਗਵਾੜਾ ਵਿਚ ਅਧਿਆ-ਪਕ ਸਨ।

ਡਾਲਟਨ ਗੰਜ ਬਿਹਾਰ ਦਾ ਜਥਾ ਬਹੁਤ ਪ੍ਰਭਾਵ ਤੇ ਆਭਾ ਰਖਦਾ ਸੀ। ਇਕੋ ਜਿਹੇ ਖੂਬਸੂਰਤ ਨੌਜਵਾਨ। ਬਹੁਤ ਸੋਹਣੇ ਚਿੱਟੇ ਕਪੜਿਆਂ ਨਾਲ ਮਾਇਆ ਲਗੀਆਂ ਸ਼ਾਨਦਾਰ ਪੱਗਾਂ ਬੰਨਣ ਵਾਲੇ ਹਸਣ ਖੇਡਣ ਵਾਲੇ ਅਤੇ ਇਕ ਦੂਜੇ ਨੂੰ ਨਰਮ ਨਰਮ ਮਸ਼ਕਰੀਆਂ ਕਰਨ ਵਾਲੇ। ਇਹ ਲੈਕਚਰ ਵੀ ਵਧੀਆ



Sri Satguru Jagjit Singh Ji eLibrary NamdhariElibrary@gmail.com

ਕਰਦੇ ਅਤੇ ਕੀਰਤਨ ਵੀ। ਹਰਫਨ ਮੌਲਾ ਸਨ। ਇਹਨਾਂ ਦਾ ਵਡਾ ਲੀਡਰ ਤਾਂ ਪ੍ਰੋ. ਇੰਦਰ ਸਿੰਘ ਸੀ ਜੋ ਬਿਹਾਰ ਦੇ ਕਿਸੇ ਕਾਲਜ ਵਿਚ ਪੜ੍ਹਾਉਂਦਾ ਸੀ ਜੋ ਬਾਦ ਵਿਚ ਰਾਜਨੀਤੀ ਦੀਆਂ ਪੌੜੀਆਂ ਚੜਦਾ ਅਜ ਕਲ ਬਿਹਾਰ ਸਰਕਾਰ ਵਿਚ ਇਕ ਮੰਤਰੀ ਹੈ। ਇਹਨਾਂ ਦਾ ਹੀ ਛੋਟਾ ਭਰਾ ਅਜੀਤ ਸਿੰਘ ਸੀ। ਅਜੇ ਥੋਹੜੀ ਥੋਹੜੀ ਦਾਹੜੀ ਸੀ। ਪਹਿਲੇ ਜਾਂ ਦੂਜੇ ਸੰਮੇਲਨ ਵਿਚ ਅਜੀਤ ਸਿੰਘ ਨੇ ਅੰਗਰੇਜ਼ੀ ਵਿਚ ਤਕਰੀਰ ਕੀਤੀ ਕਿ ਉਹ ਆਪਣਾ ਸਾਰਾ ਜੀਵਨ ਨਾਮਧਾਰੀ ਪੰਥ ਦੇ ਲੇਖੇ ਲਾਵੇਗਾ। ਇਕ ਬਿਹਾਰ ਤੋਂ ਹੀ ਆਇਆ ਸਹਿਜਧਾਰੀ ਨੌਜਵਾਨ ਅੰਗਰੇਜ਼ੀ ਤੋਂ ਹਿੰਦੀ ਵਿਚ ਤਰਜਮਾ ਕਰਦਾ ਸੀ। 'ਸ. ਅਜੀਤ ਸਿੰਘ ਜੀ ਨੇ ਕਹਾ ਹੈ ਕਿ......" ਅਗੋਂ ਤਰਜਮਾ ਸ਼ੁਰੂ ਹੋ ਜਾਂਦਾ ਸੀ। ਸ੍ਰੀ ਜੀਵਨ ਨਗਰ ਦੇ ਇਕ ਜਵਾਨ ਦੇਵ ਨੂੰ ਮੌਕਾ ਮਿਲਿਆ ਉਹ ਭਾਸ਼ਨ ਕਰਦਾ ਕਰਦਾ ਅਜੀਤ ਸਿੰਘ ਦੁਆਲੇ ਹੋ ਗਿਆ। "ਏਥੇ ਆ ਜਾਂਦੇ ਨੇ ਅੰਗਰੇਜ਼ੀ ਵਿਚ ਤਕਰੀਰਾਂ ਕਰਨ...ਬਾਹਵਾਂ ਮਾਰ ਮਾਰ ਕੇ ਇਥੇ ਬੋਲਦੇ ਨੇ......" ਬਾਦ ਵਿਚ ਸਤਿਗੁਰੂ ਜੀ ਨੇ ਆਪਣੇ ਪਰਵਚਨ ਵਿਚ ਕਿਹਾ ਕਿ ਦੇਵ ਹੋਰਾਂ ਨੇ ਅਜੀਤ ਸਿੰਘ ਦੀ ਤਕਰੀਰ ਬਾਰੇ ਬਾਹਵਾਂ ਮਾਰਨ ਦੀ ਟਿਪਣੀ ਕੀਤੀ ਹੈ। ਇਸ ਵਾਸਤੇ ਇਹਨਾਂ ਆਪਣੀ ਬਾਂਹ ਕੱਸ ਕੇ ਫੜੀ ਰਖੀ ਹੈ। ਸਣੇ ਅਜੀਤ ਅਤੇ ਦੇਵ ਦੇ ਸਾਰੇ ਹੱਸ ਪਏ। ਦੇਵ ਨੇ ਆਪਣੀ ਇਕ ਬਾਂਹ ਲੱਕ ਦੇ ਪਿਛੋਂ ਦੀ ਦੂਜੀ ਬਾਂਹ ਨਾਲ ਫੜ ਕੇ ਰਖਿਆ ਸੀ। ਸਾਡੇ ਅਜ ਕਲ ਦੇ ਪ੍ਰਸਿਧ ਲੇਖਕ ਗੁਰਬਚਨ ਸਿੰਘ ਭੀਗੜ੍ਹ ਵੀ ਉਦੋਂ ਡਾਲਟੰਨ ਗੰਜ ਦੇ ਜਥੇ ਵਿਚ ਆਏ ਸਨ ਸ਼ਾਇਦ। ਅਜੇ ਦਾਹੜੀ ਨਹੀਂ ਸੀ ਆਈ। ਸੰਤੋਖ ਸਿੰਘ ਅਤੇ ਉਹਨਾਂ ਦੇ ਵਡੇ ਭਰਾ ਵੀ ਆਏ ਸਨ। ਇਹ ਡਾਲਟਨ ਗੰਜੀਏ ਅਕਸਰ ਸਾਡੇ ਡੇਰੇ ਆਉਂਦੇ ਅਤੇ ਅਸੀਂ ਉਹਨਾਂ ਦੇ ਜਾਂਦੇ। ਆਖਰ ਅਸੀਂ ਵੀ ਜੰਮੂ ਕਸ਼ਮੀਰ ਤੋਂ ਆਏ ਸਾਂ। ਕਸ਼ਮੀਰ ਮਸਲਾ ਤਾਂ ਉਦੋਂ ਵੀ ਕਾਇਮ ਸੀ। ਅਸੀਂ ਕੁਝ ਵੀ ਨਾ ਕਰਦੇ ਤਾਂ ਜੰਮੂ ਵਾਲੀ ਕਲਗੀ ਤਾਂ ਹੈ ਹੀ ਸੀ।

ਦਿੱਲੀ ਵਾਲੇ ਸੱਜ ਧੱਜ ਕੇ ਆਏ ਸਨ। ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਉਹਨਾਂ ਦੇ ਤਾਇਆ ਜੀ ਦਾ ਸਪੁਤਰ ਸ. ਯਸ਼ਪਾਲ ਸਿੰਘ ਹੰਸਪਾਲ ਦਰਸ਼ਨੀ ਜੁਆਨ ਸਨ। ਇਹਨਾਂ ਦੋਹਾਂ ਨੂੰ ਪਹਿਲੀ ਵਾਰ ਮੈਂ ਇਥੇ ਹੀ ਮਿਲਿਆ ਦੂਰੋਂ ਦੂਰ ਦਰਸ਼ਨ ਪਹਿਲਾਂ ਕੀਤੇ ਹੋਏ ਸਨ। ਇਹ ਦੋਵੇਂ ਸਤਿਗੁਰੂ ਜੀ ਦੇ ਖਾਸ ਉਲ ਖਾਸ ਨਿਕਟੀਆਂ ਚੋਂ ਲਗਦੇ ਸਨ। ਹੰਸਪਾਲ ਜੀ ਜਾਲੀ ਪਾ ਕੇ ਦਾਹੜੀ ਬੰਨਦੇ ਸਨ ਅਤੇ ਪੱਗ ਨੋਕਦਾਰ ਫੈਸ਼ਨੇਬਲ ਸੀ। ਪ੍ਰਭਾਵਸ਼ਾਲੀ ਭਾਰਾ ਚਿਹਰਾ ਸੀ ਪਰ ਇਥੇ ਉਹ ਨਾਮਧਾਰੀ ਗੁਰਮੁਖੀ ਦਸਤਾਰ ਅਤੇ ਖੁਲ੍ਹੇ ਦਾਹੜੇ ਨਾਲ ਸਨ। ਅਜ ਕਲ ਵਾਂਗ ਹੀ ਉਹ ਕੋਈ ਨੁਕਤਾ ਲਭ ਕੇ ਉਸ ਦੁਆਲੇ ਹੋਰਨਾਂ ਨੂੰ ਇਕਠਾ ਕਰ ਲੈਂਦੇ ਸਨ। ਦਿੱਲੀ ਤੋਂ ਬਹੁਤ ਸਾਰੇ ਛੋਟੇ ਵਡੇ ਜੁਆਨ ਆਏ ਸਨ। ਸ. ਅਜੀਤ ਸਿੰਘ ਆਰਕੀਟੈਕਟ ਸਨ। ਉਹ ਅੱਜ ਕਲ ਯੂ. ਕੇ. ਵਿਚ ਹਨ। ਉਹ ਕਹਿੰਦੇ ਸਨ ਕਿ ਮੈਂ ਤਾਂ ਬਾਕੀਆਂ ਨਾਲ ਵੈਸੇ ਹੀ ਸਮਾਗਮ ਦੇਖਣ ਆ ਗਿਆਂ। ਭਾਵ ਇਹ ਸੀ ਕਿ ਉਹ ਸ਼ਾਇਦ ਪੁਰਾਣੇ ਨਾਮਧਾਰੀਏ ਨਹੀਂ ਸਨ। ਉਹ ਬਹੁਤ ਮਿੱਠੀ ਜ਼ਬਾਨ ਵਿਚ ਹੌਲੀ ਹੌਲੀ ਅਤੇ ਸਪਸ਼ਟ ਗਲ ਕਰਦੇ ਸਨ। ਤਕਰੀਰ ਵਿਚ ਸੁਖਬੀਰ ਸਿੰਘ ਗੁਲਾਟੀ ਬਹੁਤ ਪਰਭਾਵ ਪਾਉਂਦੇ ਸਨ। ਅੱਜ ਕਲ ਉਹ ਦਿਲੀ ਯੂਨੀਵਰਸਿਟੀ ਵਿਚ ਅਧਿਆਪਕ ਹਨ। ਪੰਜਾਬੀ ਹਿੰਦੀ ਐਮ.ਏ. ਦੇ ਗੋਲਡ ਮੈਡਲਿਸਟ ਹਨ। ਉਹ ਵੀ ਇਵੇਂ ਹੀ ਘਰੋਂ ਆ ਗਏ। ਪੈਂਟ ਸ਼ਰਟ ਨਾਲ ਨੋਕ ਵਾਲੀ ਪੱਗ ਨਾਲ। ਪਰ ਇਥੇ ਕਪੜੇ ਪੂਰੇ ਨਾਮਧਾਰੀਆਂ ਵਾਲੇ ਸਨ। ਬਹੁਤ ਸਾਰੇ ਜੁਆਨਾਂ ਨੇ ਨਾਮਧਾਰੀ ਪਹਿਰਾਵਾ ਇਥੇ ਹੀ ਆ ਕੇ ਪਾਇਆ ਸੀ। ਅਖੀਰੀ ਦਿਨਾਂ ਵਿਚ ਸਤਿਗੁਰੂ ਜੀ ਨੇ ਆਦੇਸ਼ ਦੇ ਦਿਤਾ ਕਿ ਤੁਸਾਂ ਸਾਰਿਆਂ ਨੇ ਇਹਨਾਂ ਬਸਤਰਾਂ ਵਿਚ ਹੀ ਘਰਾਂ ਨੂੰ ਜਾਣਾ ਹੈ। ਬਹੁਤ ਸਾਰੇ ਮੁੰਡੇ ਇਸ ਗਲ ਤੋਂ ਸ਼ਰਮਾਉਂਦੇ ਸਨ। ਪਰ ਸੁਖਬੀਰ ਹੋਰਾਂ ਸਪਸ਼ਟ ਐਲਾਨ ਕੀਤਾ ਕਿ ਮੈਂ ਤਾਂ ਇਹਨਾਂ ਕਪੜਿਆਂ ਨਾਲ ਜ਼ਰੂਰ ਹੀ ਜਾਵਾਂਗਾ ਅਤੇ ਆਪਣੇ ਪਾਸ ਹੀ ਰਖਾਂਗਾ। ਇਹਦੇ ਵਿਚ ਲੁਕਿਆ ਵਿਅੰਗ ਇਹ ਸੀ ਕਿ ਉਹਨਾਂ ਨੇ ਸਾਰੇ ਹੀ ਕਪੜੇ ਹੋਰਨਾਂ ਕੋਲੋਂ ਲੈ ਕੇ ਪਾਏ ਹੋਏ ਸਨ। ਗੁਰੂ ਕਾ ਹੁਕਮ ਮੰਨਣ ਦਾ ਉਹਨਾਂ ਨੂੰ ਤਾਂ ਤਟ ਫੱਟ ਫਾਇਦਾ ਹੋ ਗਿਆ ਸੀ। ਸ. ਮਨਮੋਹਨ ਸਿੰਘ ਦਿੱਲੀ ਵਾਲੇ ਵੀ ਆਏ ਸਨ ਘਟ ਬੋਲਦੇ ਸਨ ਪਰ ਸੁਣਦੇ ਸਭ ਨੂੰ ਧਿਆਨ ਨਾਲ। ਭੋਪਾਲ ਤੋਂ ਅਤਿੰਦਰਪਾਲ ਸਿੰਘ ਲੰਮੇ ਜਵਾਨ ਸਨ। ਬਿਲਕੁਲ ਖਾਮੋਸ਼ ਰਹਿਣ ਵਾਲੇ।

ਇਕ ਛੋਟੇ ਬਚਿਆਂ ਦਾ ਜਥਾ ਸ੍ਰੀ ਜੀਵਨ ਨਗਰ ਤੋਂ ਆਇਆ। ਇਸ ਨੂੰ ਠਾਕਰਾਂ ਦਾ ਜਥਾ ਕਹਿੰਦੇ। ਭਾਵ ਠਾਕਰ ਦਲੀਪ ਸਿੰਘ ਜੀ ਦੇ ਹਾਣੀਆਂ ਦਾ ਜੱਥਾ। ਇਹ ਢੋਲਕ ਛੈਣਿਆ ਅਤੇ ਤਬਲੇ ਨਾਲ ਵਧੀਆ ਕੀਰਤਨ ਕਰਦਾ। ਠਾਕਰ ਜੀ ਆਪ ਵੀ ਛੋਟੀ ਉਮਰ ਵਿਚ ਸਨ। ਜੱਥੇ ਦਾ



Sri Satguru Jagjit Singh Ji eLibrary NamdhariElibrary@gmail.com

ਮੁਹਰੇਲ ਵਾਜਾ ਵਜਾਉਣ ਵਾਲਾ ਅਨਦਾਹੜੀਆ ਮੁੰਡਾ ਸੀ ਜੋ ਅਜ ਕਲ ਦਾ ਪ੍ਰਸਿਧ ਸੰਗੀਤਕਾਰ ਉਸਤਾਦ ਹਰਭਜਨ ਸਿੰਘ ਹੈ।

ਲੰਗਰ ਦਾ ਤਾਂ ਬਹੁਤ ਵਧੀਆ ਪ੍ਰੋਗਰਾਮ ਸੀ। ਉਤਮ ਤੋਂ ਉਤਮ ਭੋਜਨ ਸੀ, ਕੜਾਹ ਪ੍ਰਸ਼ਾਦ, ਖੀਰ, ਲੱਡੂ, ਜਲੇਬੀਆਂ, ਚੌਤ ਪਰਸ਼ਾਦੇ, ਅੰਬ ਖਰਬੂਜ਼ੇ ਲੀਚੀਆਂ, ਸ਼ਕੰਜਵੀ, ਸ਼ਰਦਾਈ, ਦੁੱਧ ਚਾਹਟਾ, ਪਕੌੜੇ ਮਿੱਸੀਆ ਰੋਟੀਆਂ, ਦਾਲਾਂ, ਸਬਜ਼ੀਆਂ ਅਤੇ ਵੱਖਰਾ ਪਾਉਣ ਲਈ ਦੇਸੀ ਘਿਉ। ਪਦਾਰਥ ਗਿਣੇ ਨਹੀਂ ਸੀ ਜਾਂਦੇ। ਵਾਪਸ ਘਰੀਂ ਆ ਕੇ ਜਿਥੇ ਜਿਥੇ ਕੋਈ ਪੜ੍ਹਦਾ ਸੀ ਸਕੂਲ ਕਾਲਜ ਵਿਚ ਉਥੇ ਇਸ ਲੰਗਰ ਦੀਆਂ ਧੁਮਾਂ ਪੈ ਗਈਆਂ। ਦੋਸਤ ਮਿਤਰ ਇਥੋਂ ਤਕ ਕਿ ਮਾਸਟਰ ਕਹਿਣ, ਤੁਸਾਂ ਸਾਨੂੰ ਕਿਉਂ ਨਾ ਦੱਸਿਆ।

ਸਤਿਗੁਰੂ ਜੀ ਬੱਚਿਆਂ ਨੂੰ ਲਾਡ ਲਡਾਉਂਦੇ, ਬਚਨ-ਬਿਲਾਸ ਕਰਦੇ ਅਤੇ ਜੋ ਕਹਿੰਦੇ ਇਵੇਂ ਮੰਨ ਜਾਂਦੇ ਜਿਵੇਂ ਬਾਪ ਛੋਟਿਆਂ ਬੱਚਿਆਂ ਦੇ ਆਖੇ ਲਗ ਜਾਂਦਾ ਹੈ। ਇਵੇਂ ਲਗਦਾ ਜਿਵੇਂ ਸਤਿਗੁਰੂ ਹੈ ਹੀ ਇਹਨਾਂ ਬੱਚਿਆਂ ਦਾ। ਸੱਚਮੁਚ ਇਹ ਗੱਲ ਵੱਡਿਆਂ ਨੂੰ ਚੁੱਭੀ ਵੀ, ਪਰ ਸਤਿਗੁਰੂ ਜੀ ਦਾ ਪੂਰਾ ਧਿਆਨ ਇਹਨਾਂ ਵਲ ਸੀ। ਇਕ ਦਿਨ ਇਕ ਜਵਾਨ ਕਹਿਣ ਲੱਗਾ—'ਜੀ, ਅਜ ਕੜਾਹ ਪ੍ਰਸ਼ਾਦ ਨੂੰ ਜੀਅ ਕਰਦੈ।' ਕਿਸੇ ਦੂਸਰੇ ਨੇ ਕਹਿ ਦਿਤਾ—'ਜੀ, ਅਜ ਖੀਰ ਬਣਨੀ ਚਾਹੀਦੀ ਹੈ।' ਜਦੋਂ ਲੰਗਰ ਵਿਚ ਗਏ ਤਾਂ ਕੜਾਹ ਪ੍ਰਸ਼ਾਦ ਅਤੇ ਖੀਰ ਦੋਵੇਂ ਹੀ ਹਾਜ਼ਰ ਸਨ ਅਤੇ ਇਹਨਾਂ ਦੀ ਯੁਗਲਬੰਦੀ ਦਾ ਆਪਣਾ ਹੀ ਅਨੰਦ ਸੀ।

ਇਹ ਸੰਮੇਲਨ ਨਾਮਧਾਰੀ ਯੁਵਕਾਂ ਦਾ ਸੀ ਅਤੇ ਖਾਸ ਕਰਕੇ ਗਰੈਜੂਏਟ ਪੱਧਰ ਦੇ ਪੜ੍ਹੇ ਲਿਖੇ ਨੌਜਵਾਨਾਂ ਦਾ ਸੀ। ਇਹ ਵਰਗ ਪੜ੍ਹਾਈ ਦੇ ਲੋਰ ਵਿਚ ਆਪਣੇ ਧਾਰਮਕ ਅਕੀਦੇ, ਸਰੂਪ ਅਤੇ ਰਹੁ-ਰੀਤ ਤੋਂ ਲਗਾਤਾਰ ਦੂਰ ਜਾ ਰਿਹਾ ਸੀ। ਇਸ ਨੂੰ ਪ੍ਰੇਰਨ ਵਾਸਤੇ ਕੋਈ ਦਿਲਚਸਪ ਪ੍ਰੋਗਰਾਮ ਵੀ ਸਮਾਜ ਕੋਲ ਨਹੀਂ ਸੀ ਜਾਪਦਾ। ਪੁਰਾਣੀਆਂ ਪੂਰਕ ਕਦਰਾਂ ਕੀਮਤਾਂ ਬਜ਼ੁਰਗਾਂ ਨੇ ਸਿਰੜ ਨਾਲ ਨਿਭਾਈਆਂ ਸਨ। ਅੱਗੋਂ ਗੱਲ ਕੱਥ ਦਾ ਮੁਹਾਵਰਾ ਬਦਲ ਗਿਆ ਸੀ। ਸਕੂਲੀ ਵਿਦਿਆ ਦੇ ਯਕਦਮ ਫੈਲਾਓ ਨੇ ਪੀੜ੍ਹੀਆਂ ਦੇ ਫਰਕ ਨੂੰ ਬਹੁਤ ਵਧਾ ਦਿਤਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਆਪ ਯੁਵਾ ਉਮਰ ਵਿਚ ਸਨ—ਕਾਲੀ ਦਾਹੜੀ ਅਤੇ ਪਤਲਾ ਸਰੀਰ। ਉਹਨਾਂ ਕੋਲ "ਪਿਓ-ਦਾਦੇ ਦਾ ਖ਼ਜ਼ਾਨਾ" ਪਿਆ ਸੀ। ਇਸ ਅਮੀਰ ਖ਼ਜ਼ਾਨੇ ਨੂੰ ਉਹ 'ਵੰਡਣ ਲਈ ਤਤਪਰ ਸਨ...ਪਰ ਅਗੇ ਕੋਈ ਪਾਤਰ ਵੀ ਹੋਵੇ। ਨੌਜਵਾਨ ਵਰਗ ਹੀ ਜੇ ਇਸ ਵਿਰਾਸਤ ਤੋਂ ਦੂਰ ਚਲਾ ਗਿਆ ਤਾਂ ਨਾਮਧਾਰੀ ਸਮਾਜ ਇਕ ਲਟਲਟ ਬਲਦਾ ਜਿਉਂਦਾ ਜਾਗਦਾ ਸਮਾਜ ਨਹੀਂ ਸੀ ਰਹਿ ਸਕਦਾ। ਆਪ ਜੀ ਨੇ ਨੌਜਵਾਨਾਂ ਨਾਲ ਸਿਧਾ ਸੰਪਰਕ ਸਥਾਪਤ ਕੀਤਾ ਅਤੇ ਇਹਨਾਂ ਨਾਲ ਇਹਨਾਂ ਵਰਗੇ ਹੋ ਕੇ ਵਿਚਰਦੇ ਰਹੇ। ਆਏ ਹੋਏ ਜਵਾਨਾਂ 'ਚੋਂ ਚਿੰਤਕ ਵਰਗ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਇਸ ਇਕੱਠ ਦੇ ਉਤਸ਼ਾਹ ਅਤੇ ਜੋਸ਼ ਨੂੰ ਇਕ ਪ੍ਰਣਾਲੀ ਵਿਚ ਤਬਦੀਲ ਕਰਨ ਵਾਸਤੇ ਇਕ ਜਥੇਬੰਦਕ ਢਾਂਚਾ ਕਾਇਮ ਕੀਤਾ ਜਾਵੇ ਜਿਸ ਕੋਲ ਸੰਮੇਲਨ ਤੋਂ ਇਲਾਵਾ ਕਰਨ ਵਾਸਤੇ ਇਕ ਸੇਧ ਹੋਵੇ ਜਿਸ ਦੇ ਆਧਾਰ ਉਤੇ ਉਹ ਆਪਣੇ ਪ੍ਰੋਗਰਾਮ ਚਲਾਉਣ। ਆਪਣੇ ਆਪਣੇ ਪਿੰਡ ਜਾਂ ਸ਼ਹਿਰ ਵਿਚ ਇਕੱਠੇ ਹੋ ਕੇ ਜਥੇਬੰਦ ਹੋ ਕੇ ਨਿਰੰਤਰ ਪ੍ਰੋਗਰਾਮ ਚਲਾਉਣ।

ਜਥੇਬੰਦੀ ਨੂੰ ਸਥਾਪਤ ਕਰਨ ਵਾਸਤੇ ਪ੍ਰੋਗਰਾਮ ਤੋਂ ਇਲਾਵਾ ਇਕੱਤਰਤਾਵਾਂ ਹੋਈਆਂ। ਜਥੇਬੰਦੀ ਦਾ ਕਾਰਜ-ਕਰਮ ਨਿਯਮ ਉਪਨਿਯਮ ਭਾਵ ਸੰਵਿਧਾਨ ਅਤੇ ਮਨੋਰਥ-ਪੱਤਰ ਤਿਆਰ ਕਰਨ ਵਾਸਤੇ ਇਕ ਕਮੇਟੀ ਦਾ ਆਯੋਜਨ ਕੀਤਾ ਗਿਆ। ਇਸ ਵੇਲੇ ਲਿਸਟ ਤਾਂ ਪ੍ਰਾਪਤ ਨਹੀਂ, ਪਰ ਇਸ ਵਿਚ ਮਾਸਟਰ ਨਿਹਾਲ ਸਿੰਘ, ਪ੍ਰੀਤਮ ਸਿੰਘ ਕਵੀ, ਸਵਰਨ ਸਿੰਘ ਸਨੇਹੀ, ਪ੍ਰੀਤਮ ਸਿੰਘ ਜੰਮੂ, ਸ. ਤੀਰਥ ਸਿੰਘ ਚੰਡੀਗੜ੍ਹ, ਜਗਦੀਸ਼ ਸਿੰਘ ਜੰਮੂ (ਵਰਿਆਮ) ਸ਼ਾਮਲ ਸਨ।

ਮੀਟਿੰਗ ਸ਼ੁਰੂ ਹੋਈ ਤਾਂ ਲਿਖਣ ਲਿਖਾਉਣ ਵਿਚ ਕੁਝ ਦਿੱਕਤ ਆਈ। ਇਸ ਵੇਲੇ ਪ੍ਰੀਤਮ ਸਿੰਘ ਕਵੀ ਨੇ ਕਿਹਾ ਕਿ 'ਤੁਸੀਂ ਮੈਨੂੰ ਸਕੱਤਰ ਬਣਾ ਲਓ', ਅਤੇ ਉਹ ਚੌਕੜਾ ਮਾਰ ਕੇ ਕਾਗਜ਼ ਲੈ ਕੇ ਬੈਠ ਹੀ ਗਏ।

ਪਹਿਲਾਂ ਲਿਖਿਆ ਜਥੇਬੰਦੀ ਦਾ ਨਾਮ। ਬਹੁਤ ਸਾਰੇ ਨਾਮ ਵਿਚਾਰੇ ਗਏ ਸਨ। ਮਾਸਟਰ ਨਿਹਾਲ ਸਿੰਘ ਜੀ ਦੀ ਤਜਵੀਜ਼ ਸੀ—ਨਾਮ ਹੋਵੇ "ਨਾਮਧਾਰੀ ਵਿਦਿਅਕ ਜਥਾ"। ਇਹ ਨਾਮ ਸਤਿਗੁਰੂ ਜੀ ਵਲੋਂ ਵੀ ਪ੍ਰਵਾਨ ਸੀ। ਸੋ ਇਹੀ ਨਾਮ ਮਨਜ਼ੂਰ ਹੋਇਆ। ਉਸ ਸਮੇਂ ਹਮਾਤੜਾਂ ਨੂੰ ਇਹ ਨਾਮ ਹੋਰ ਤਰ੍ਹਾਂ ਦਾ ਲਗਦਾ ਸੀ। ਅਖਬਾਰਾਂ ਵਿਚ, ਖਾਸ ਕਰਕੇ ਉਰਦੂ ਅਤੇ ਅੰਗਰੇਜ਼ੀ ਦੀਆਂ ਅਖਬਾਰਾਂ ਵਿਚ 'ਵਿਦਿਅਕ' ਲਿਖਣਾ ਔਖਾ ਹੁੰਦਾ ਸੀ। ਉਹ ਕਦੇ ਕੁਝ ਲਿਖ ਦੇਂਦੇ



Sri Satguru Jagjit Singh Ji eLibrary NamdhariElibrary@gmail.com

ਕਦੇ ਕੁਝ । ਉਹ 'ਨਾਮਧਾਰੀ ਵਧਾਇਕ ਜੱਥਾ' ਵੀ ਲਿਖ ਦੇਂਦੇ ਸਨ, ਜਿਵੇਂ ਕਿ ਇਹ ਪੰਜਾਬ ਅਸੰਬਲੀ ਵਿਚ ਨਾਮਧਾਰੀਆਂ ਦਾ ਗਰੁਪ ਹੋਵੇ । ਆਮ ਸੰਗਤਾਂ ਵਿਦਿਅਕ ਸੰਮੇਲਨ ਨੂੰ ਅਕਸਰ 'ਮੁੰਡਿਆਂ ਦਾ ਮੇਲਾ' ਕਹਿੰਦੀਆਂ ਸਨ । ਆਪਣੀਆਂ ਕੰਨਿਆਵਾਂ ਵਾਸਤੇ ਯੋਗ ਵਰ ਲੱਭਣ ਵਾਸਤੇ ਵੀ ਲੋਕ ਇਸ ਸੰਮੇਲਨ ਵਿਚ ਆ ਜਾਂਦੇ ਸਨ । ਹੌਲੀ ਹੌਲੀ ਨਾਮਧਾਰੀ ਵਿਦਿਅਕ ਜਥਾ ਨਾਮਧਾਰੀ ਸਮਾਜ ਵਿਚ ਇਕ ਸਸ਼ਕਤ ਜਥੇਬੰਦੀ ਵਲੋਂ ਪ੍ਰਵਾਨ ਹੋ ਗਿਆ ।

ਪ੍ਰੀਤਮ ਸਿੰਘ ਕਵੀ ਜੀ ਦੀ ਕਲਮ ਹਵਾ ਵਾਂਗ ਚਲ ਰਹੀ ਸੀ ਅਤੇ ਉਹਨਾਂ ਬਹੁਤਾ ਕੰਮ ਥੋਹੜੇ ਸਮੇਂ ਵਿਚ ਪੂਰਾ ਕਰ ਦਿਤਾ । ਜਥੇ ਦੇ ਉਦੇਸ਼ਾਂ ਬਾਰੇ ਉਨ੍ਹਾਂ ਲਿਖਿਆ :

੧. ਸ੍ਰੀ ਸਤਿਗੁਰੂ ਜੀ ਦੇ ਆਦੇਸ਼ਾਂ ਦਾ ਦ੍ਰਿੜ੍ਹਤਾ ਨਾਲ ਪਾਲਣਾ ਕਰਨਾ ।

੨. ਪੜ੍ਹੇ ਲਿਖੇ ਨੌਜਵਾਨਾਂ ਨੂੰ ਸੰਗਠਿਤ ਕਰਨਾ । ਉਨ੍ਹਾਂ ਵਿਚ ਨਾਮਧਾਰੀ ਆਚਾਰ ਤੇ ਵਿਚਾਰ ਦਾ ਵਿਕਾਸ ਕਰਨਾ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਪਹਿਰਾਵੇ ਲਈ ਸਨਮਾਨ ਤੇ ਉਤਸ਼ਾਹ ਪੈਦਾ ਕਰਨਾ ।

੩. ਪੰਥ ਅੰਦਰ ਸੁਚੱਜੇ ਡਸਿਪਲਿਨ ਦਾ ਵਿਕਾਸ ਕਰਨਾ । ਦੋ ਵੱਡੇ ਮੇਲਿਆਂ ਦਾ ਪ੍ਰਬੰਧ ਉਥੋਂ ਦੇ ਮੁਖੀਆਂ ਦੀ ਸਹਾਇਤਾ ਲਈ ਕਰਨਾ । ਸਥਾਨਕ ਮੇਲਿਆਂ ਵਾਸਤੇ ਨੇੜੇ ਤੇ ਜਥੇ ਦੀ ਸਹਾਇਤਾ ਕਰਨਾ ।

੪. ਤਾਲੀਮ, ਬਿਮਾਰੀ, ਬੇਕਾਰੀ ਵਿਚ ਨਾਮਧਾਰੀਆਂ ਦੀ ਸਰਗਰਮ ਮਦਦ ਕਰਨਾ ।

੫. ਆਮ ਮਿਲਵਰਤੋਂ ਵਾਸਤੇ ਸਦਾ ਤਿਆਰ ਰਹਿਣਾ ।

੬. ਨਾਮਧਾਰੀ ਮੱਤ ਦਾ ਵਿਗਿਆਨਕ ਢੰਗ ਨਾਲ ਪ੍ਰਚਾਰ ਕਰਨਾ ਅਤੇ ਵਿਦਿਆਲੇ, ਪੁਸਤਕਾਲੇ, ਪੁਸਤਕਾਂ, ਕੈਲੰਡਰ ਸੇਵਾ ਪ੍ਰਬੰਧ ਅਤੇ ਔਸ਼ਧਾਲੇ ਆਦਿ ਸਥਾਪਤ ਤੇ ਤਿਆਰ ਕਰਨਾ ।

੭. ਗ਼ੈਰ-ਨਾਮਧਾਰੀਆਂ ਨਾਲ ਆਪਣੇ ਅਸੂਲਾਂ ਤੇ ਕਾਇਮ ਰਹਿ ਕੇ ਸ਼ੁਭ-ਇੱਛਕਾਂ ਨੂੰ ਅਮਲੀ ਮਿਲਵਰਤਣ ਦੇਣਾ ।

੮. ਕੌਮੀ ਅਤੇ ਕੌਮਾਂਤਰੀ ਰਾਜਨੀਤਕ ਸਮੱਸਿਆਵਾਂ ਉਤੇ ਕੇਂਦਰ ਵਲੋਂ ਪ੍ਰਵਾਨਿਤ ਦ੍ਰਿਸ਼ਟੀਕੋਣ ਉਤੇ ਪੁਰਜ਼ੋਰ ਅਮਲ ਕਰਨਾ ਤੇ ਕਰਵਾਣਾ ।

੯. ਵਿਸ਼ਵ ਧਰਮ ਸਮਾਨਤਾ, ਵਿਸ਼ਵ ਸ਼ਾਂਤੀ ਅਤੇ ਗਊ-ਰੱਖਿਆ ਦੇ ਸਬੰਧ ਵਿਚ ਸੁਚੇਤ ਜਤਨ ਕਰਨਾ ।

ਜਥੇਬੰਦੀ ਦੀ ਬਣਤਰ ਵਿਚ ਇਕ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ, ਮੀਤ ਸਕੱਤਰ, ਖਜ਼ਾਨਚੀ, ਆਡੀਟਰ ਆਦਿ ਲਿਖੇ ਗਏ । ਪਹਿਲੀ ਕਾਰਜਕਾਰਨੀ ਸਰਬ ਸੰਮਤੀ ਨਾਲ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਬਣਾਈ ਗਈ ।

ਪ੍ਰਧਾਨ ਮਾਸਟਰ ਨਿਹਾਲ ਸਿੰਘ ਜੀ, ਮੀਤ ਪ੍ਰਧਾਨ ਸ. ਤੀਰਥ ਸਿੰਘ ਹੰਸਪਾਲ, ਸਕੱਤਰ ਮਾਸਟਰ ਸ਼ੇਰ ਸਿੰਘ, ਮੀਤ ਸਕੱਤਰ ਮਾਸਟਰ ਸੰਤ ਸਿੰਘ ਅਤੇ ਸਵਰਨ ਸਿੰਘ ਵਿਰਕ, ਖਜ਼ਾਨਚੀ ਪ੍ਰੋ: ਇੰਦਰ ਸਿੰਘ ਡਾਲਟਨ ਗੰਜ ਅਤੇ ਮਾਸਟਰ ਇਕਬਾਲ ਸਿੰਘ, ਆਡੀਟਰ ਸ ਹਰਵਿੰਦਰ ਸਿੰਘ ਹੰਸਪਾਲ । ਮੈਂਬਰ—ਪ੍ਰੀਤਮ ਸਿੰਘ ਕਵੀ, ਜਗਦੀਸ਼ ਸਿੰਘ ਜੰਮੂ, ਦਲੀਪ ਸਿੰਘ ਜਮਨਾ ਨਗਰ (ਅੱਜ ਕਲ੍ਹ ਲੁਧਿਆਣਾ), ਕਰਤਾਰ ਸਿੰਘ—ਹਰਬੰਸ ਸਿੰਘ ਮੰਡੀ, ਸਤਵਿੰਦਰ ਸਿੰਘ ਡਾਲਟਨ ਗੰਜ, ਸਵਰਨ ਸਿੰਘ ਸਨੇਹੀ, ਪ੍ਰੀਤਮ ਸਿੰਘ—ਗੁਰਦੇਵ ਸਿੰਘ ਜੰਮੂ, ਮਨਮੋਹਨ ਸਿੰਘ ਦਿੱਲੀ ।

ਪਤਾ ਹੀ ਨਾ ਲਗਾ ਕਿ ਸੱਤ-ਅੱਠ ਦਿਨ ਕਿਵੇਂ ਲੰਘ ਗਏ ਸਨ । ਅਖੀਰਲੇ ਦਿਨ ਸਤਿਗੁਰਾਂ ਆਪਣੀ ਕੋਠੀ ਵਿਚ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਦੇ ਗੱਫੇ ਵਰਤਾਏ ਅਤੇ ਲੰਗਰ ਛਕਾਇਆ । ਲਗਦਾ ਸੀ ਜਿਵੇਂ ਇਕ ਬਾਪ ਦੇ ਸੈਂਕੜੇ ਬੱਚੇ ਹੋਣ ਤੇ ਸਾਰਿਆਂ ਨੂੰ ਇਕੋ ਜਿਹਾ ਪਿਆਰ ਮਿਲੇ । ਹਰ ਬੱਚਾ ਸਮਝਦਾ ਸੀ ਕਿ ਉਸ ਦਾ ਬਾਪ ਨਾਲ ਖਾਸ ਪਿਆਰ ਹੈ ।

ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ ਤਕ ਖਾਸ ਬੱਸਾਂ ਦਾ ਪ੍ਰਬੰਧ ਸੀ । ਇਨ੍ਹਾਂ ਬੱਸਾਂ ਨੇ ਮੁੜ ਉਸੇ ਸੜਦੀ ਬਲਦੀ ਦੁਨੀਆ ਵਿਚ ਪਹੁੰਚਾ ਦੇਣਾ ਸੀ ਜਿਥੋਂ ਆਏ ਸਾਂ । ਸਾਡੀ ਬੱਸ ਵਿਚ ਇਕ ਸੁਕੜਾ ਜਿਹਾ ਬੱਚਾ ਬੈਠਾ ਸੀ ਬੜਾ ਮਾਸੂਮ ਤੇ ਸਾਦਾ ਜਿਹਾ । ਵਾਕਫ਼ ਮੁੰਡਿਆਂ ਰੌਲਾ ਪਾ ਕੇ ਉਸ ਨੂੰ ਮਨਾਇਆ—'ਸ਼ਬਦ ਸੁਣਾ, ਗੀਤ ਸੁਣਾ' । ਉਸ ਗਾਣਾ ਸ਼ੁਰੂ ਕੀਤਾ—"ਮਿੱਤਰ ਪਿਆਰੇ ਨੂੰ ਹਾਲ ਫ਼ਕੀਰਾਂ ਦਾ ਕਹਿਣਾ" । ਬੱਚੇ ਦੀ ਹੇਕ ਵਿਚ ਕਹਿਰਾਂ ਦਾ ਦਰਦ ਸੀ । ਉਹਦੀ ਸੁਰੀਲੀ ਆਵਾਜ਼ ਸੀਨੇ ਚੀਰਦੀ ਜਾਵੇ । ਇਕ ਦੋ ਗੀਤ ਹੋਰ ਸੁਣਾਏ ਤੇ ਲੁਧਿਆਣਾ ਆ ਗਿਆ । ਇਹ ਬੱਚਾ ਸੀ ਗੁਰਦੇਵ ਕੋਇਲ ।

ਜੰਮੂ ਐਤਵਾਰ ਅਧੀ ਰਾਤ ਦੋ ਵਜੇ ਖੜਕਾ ਹੋਣ ਲਗ ਪਿਆ । ਬਜ਼ੁਰਗ ਜਾਗੇ । ਕੀ ਗਲ ਹੈ ? ਦਸਿਆ ਗਿਆ ਕਿ ਸਾਰੇ ਮੁੰਡੇ ਤਵੀ ਨਦੀ ਤੇ ਇਸ਼ਨਾਨ ਕਰਨ ਚਲੇ ਗਏ ਹਨ । (ਚਲਦਾ)



Sri Satguru Jagjit Singh Ji eLibrary NamdhariElibrary@gmail.com

# ਸੁਰਜੀਤ ਖ਼ੁਰਸ਼ੀਦੀ ਦਾ ਸਨਮਾਨ

ਲੁਧਿਆਣਾ—ਏਥੋਂ ਨੇੜੇ ਦੇ ਪਿੰਡ ਰਾਮਪੁਰ ਵਿਚ ਪਰਸਿਧ ਵਿਦਵਾਨ ਸ੍ਰੀ ਸੁਰਜੀਤ ਖ਼ੁਰਸ਼ੀਦੀ ਨੂੰ ਲਾਭ ਸਿੰਘ ਚਾਤ੍ਰਿਕ ਪੁਰਸਕਾਰ ਦਿਤਾ ਗਿਆ। ਇਹ ਪਿੰਡ ਸਾਹਿਤਕਾਰਾਂ ਦਾ ਪਿੰਡ ਕਰਕੇ ਮਸ਼ਹੂਰ ਹੈ। ਇਥੋਂ ਦੇ ਬਹੁਤੇ ਸਾਹਿਤਕਾਰਾਂ ਨੇ ਆਪਣੇ ਨਾਂ ਨਾਲ ਰਾਮਪੁਰੀ ਲਿਖ ਕੇ ਉੱਤਮ ਸਾਹਿਤ ਰਚ ਕੇ ਸਾਹਿਤ ਜਗਤ ਵਿਚ ਪਿੰਡ ਦੀ ਪਛਾਣ ਬਣਾਈ ਹੈ।

ਸ੍ਰੀ ਖ਼ੁਰਸ਼ੀਦੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ, ਉਹਨਾਂ ਦੀ ਠੰਢੀ ਛਾਂ ਹੇਠ ਮਾਣੀ ਖੁਲ੍ਹ ਸਮੇਂ ਭਾਸ਼ਾ ਵਿਗਿਆਨ ਅਤੇ ਕੋਸ਼ਕਾਰੀ ਸੰਬੰਧੀ ਪੁਸਤਕਾਂ **ਸ਼ਬਦ ਲੀਲਾ** ਅਤੇ **ਜਗਜੀਤ ਕੋਸ਼** ਦੀ ਰਚਨਾ ਕੀਤੀ। ਇਹ ਗੱਲ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਆਪਣੇ ਭਾਸ਼ਣ ਵਿਚ ਦੱਸੀ। ਉਸ ਤੋਂ ਪਹਿਲਾਂ ਐਸ. ਕੇ. ਦਵੇਸ਼ਵਰ ਨੇ ਖ਼ੁਰਸ਼ੀਦੀ ਦੀ ਰਚਨਾ ਬਾਰੇ ਉਚ ਪੱਧਰੀ ਪੇਪਰ ਪੜ੍ਹਿਆ। ਸ੍ਰੀ ਸੁਖਮਿੰਦਰ ਰਾਮਪੁਰੀ ਤੇ ਹੋਰਾਂ ਨੇ ਵੀ ਖ਼ੁਰਸ਼ੀਦੀ ਦੀ ਸ਼ਲਾਘਾ ਕੀਤੀ ਤੇ ਉਸਨੂੰ ਇਲਾਕੇ ਦਾ ਸਾਹਿਤਕ ਪਿਤਾ ਕਿਹਾ।

ਇਸ ਸਮੇਂ ਸੁਖਮਿੰਦਰ ਰਾਮਪੁਰੀ ਦੀ ਪੁਸਤਕ – 'ਮਿਹਰਬਾਨ ਹੱਥ' ਨੂੰ ਵੀ ਪੁਰਸਕਾਰ ਦਿਤਾ ਗਿਆ। ਕੁਝ ਪੁਸਤਕਾਂ ਰਿਲੀਜ਼ ਕਰਨ ਨਾਲ ਇਕ ਕਵੀ ਦਰਬਾਰ ਵੀ ਕੀਤਾ ਗਿਆ। ਇਹ ਸਮਾਗਮ ਪੰਜਾਬੀ ਲਿਖਾਰੀ ਸਭਾ ਰਾਮਪੁਰ ਵਲੋਂ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਬੀਬੀ ਪ੍ਰਕਾਸ਼ ਕੌਰ ਹਮਦਰਦ, ਐਸ. ਤਰਸੇਮ, ਪ੍ਰੋ. ਅਵਤਾਰ ਜੌੜਾ ਸ਼ਾਮਲ ਸਨ। ਮਾਸਟਰ ਨਿਹਾਲ ਸਿੰਘ, ਪ੍ਰੀਤਮ ਸਿੰਘ ਕਵੀ, ਤਾਰਾ ਸਿੰਘ ਅਨਜਾਣ, ਦਲੀਪ ਸਿੰਘ ਨਾਮਧਾਰੀ, ਸੁਖਜੀਤ ਵੀ ਸਮਾਗਮ ਵਿਚ ਸ਼ਾਮਲ ਹੋਏ।

# ਵਣਜਾਰਾ ਬੇਦੀ ਤੇ ਪਿਆਰਾ ਸਿੰਘ ਸਹਿਰਾਈ ਨੂੰ ਫੈਲੋਸ਼ਿਪ

ਮਿਤੀ ੧੨-੯-੧੯੯੬ ਨੂੰ ਪੰਜਾਬੀ ਸਾਹਿਤ ਸਭਾ, ਦਿੱਲੀ ਦੀ ਕਾਰਜਕਰਨੀ ਦੀ ਇਕੱਤਰਤਾ ਸਭਾ ਦੇ ਚੇਅਰਮੈਨ ਭਾਪਾ ਪ੍ਰੀਤਮ ਸਿੰਘ (ਆਰਸੀ) ਦੇ ਘਰ ਕੇ-੪੨ ਹੌਜ਼ ਖਾਸ ਐਨਕਲੇਵ, ਨਵੀਂ ਦਿੱਲੀ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸ. ਕਰਤਾਰ ਸਿੰਘ ਦੁੱਗਲ ਨੇ ਕੀਤੀ। ਇਸ ਵਿਚ ਇਹ ਅਹਿਮ ਇਤਿਹਾਸਕ ਨਿਰਣਾ ਲਿਆ ਗਿਆ ਕਿ ਸਭਾ ਪੰਜਾਬੀ ਦੇ ਉਘੇ ਲੇਖਕਾਂ, ਖੋਜੀਆਂ ਅਤੇ ਵਿਦਵਾਨਾਂ ਨੂੰ ਫੈਲੋਸ਼ਿਪ ਦੇਵੇਗੀ। ਨਾਲ ਹੀ ਇਹ ਫੈਸਲਾ ਵੀ ਕੀਤਾ ਗਿਆ ਕਿ ਭਾਰਤ ਦੀ ਆਜ਼ਾਦੀ ਦੀ ਪੰਜਾਹਵੀਂ ਵਰ੍ਹੇਗੰਢ ਦੇ ਅਵਸਰ 'ਤੇ ੧੫ ਅਗਸਤ ੧੯੯੬ ਤੋਂ ਪੰਜਾਬੀ ਦੇ ਉਘੇ ਵਿਦਵਾਨ ਡਾ. ਵਣਜਾਰਾ ਬੇਦੀ ਅਤੇ ਸਿਰਮੌਰ ਕਵੀ ਪਿਆਰਾ ਸਿੰਘ ਸਹਿਰਾਈ ਨੂੰ ੩ ਸਾਲ ਵਾਸਤੇ ਫੈਲੋਸ਼ਿਪ ਦਿਤੀ ਜਾਵੇ। ਇਹਨਾਂ ਦੋਹਾਂ ਲੇਖਕਾਂ ਨੂੰ ਢਾਈ ਹਜ਼ਾਰ ਰੁਪਏ ਦੀ ਰਾਸ਼ੀ ਹਰ ਮਹੀਨੇ ਭੇਟ ਕੀਤੀ ਜਾਇਆ ਕਰੇਗੀ।

ਇਸ ਫੈਸਲੇ ਨੂੰ ਇਸ ਲਈ ਇਤਿਹਾਸਕ ਸਮਝਿਆ ਜਾ ਰਿਹਾ ਹੈ ਕਿ ਪੰਜਾਬੀ ਦੀ, ਅਤੇ ਕਿਸੇ ਵੀ ਹੋਰ ਭਾਸ਼ਾ ਦੀ, ਸਵੈ-ਸੇਵੀ ਸਾਹਿਤਕ ਸੰਸਥਾ ਵਲੋਂ ਫੈਲੋਸ਼ਿਪ ਦਿਤੇ ਜਾਣ ਦੀ ਸ਼ਾਇਦ ਇਹ ਪਹਿਲੀ ਮਿਸਾਲ ਹੋਵੇਗੀ।

ਯਾਦ ਰਹੇ ਕਿ ਪੰਜਾਬੀ ਸਾਹਿਤ ਸਭਾ ਦਿੱਲੀ ਨੇ ਸਰਵੋਤਮ ਪੰਜਾਬੀ ਪੁਸਤਕਾਂ ਬਹੁਤ ਨਿਗੂਣੀ ਕੀਮਤ ਉਤੇ ਘਰ ਘਰ ਪਹੁੰਚਾਉਣ ਲਈ ਇਕ ਘਰੇਲੂ ਲਾਇਬਰੇਰੀ ਸਕੀਮ ਪਿਛਲੇ ਸਾਲ ਅਕਤੂਬਰ ਵਿਚ ਜਾਰੀ ਕੀਤੀ ਸੀ ਜਿਸ ਅਧੀਨ ੬੦੦੦/- ਰੁਪਏ ਦੇ ਮੁੱਲ ਦੀਆਂ ਕਿਤਾਬਾਂ ਦਾ ਸੈੱਟ ਕੇਵਲ ਦੋ ਹਜ਼ਾਰ ਰੁਪਏ ਨੂੰ ਉਪਲਬਧ ਕਰਾਇਆ ਜਾਂਦਾ ਹੈ। ਇਸ ਯੋਜਨਾ ਨੂੰ ਵੀ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਹੈ।

ਇਸ ਤੋਂ ਇਲਾਵਾ, ਸਭਾ "ਸਮਕਾਲੀ ਸਾਹਿਤ" ਨਾਂ ਦਾ ਇਕ ਤ੍ਰੈਮਾਸਿਕ ਪ੍ਰਕਾਸ਼ਤ ਕਰ ਰਹੀ ਹੈ ਜਿਸ ਵਿਚ ਮੁਖ ਕਰਕੇ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਦਾ ਸਾਹਿਤ ਪ੍ਰਕਾਸ਼ਤ ਕੀਤਾ ਜਾਂਦਾ ਹੈ। ਇਸ ਤ੍ਰੈਮਾਸਿਕ ਦੇ ਚਾਰ ਅੰਕ ਛਪ ਚੁੱਕੇ ਹਨ ਜਿਨ੍ਹਾਂ ਨੂੰ ਪਾਠਕਾਂ ਤੇ ਲੇਖਕਾਂ ਨੇ ਅਤਿਅੰਤ ਸਲਾਹਿਆ ਹੈ।

ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉਨਤੀ ਲਈ ਸਭਾ ਨੇ ਹੋਰ ਵੀ ਕਈ ਯੋਜਨਾਵਾਂ ਉਲੀਕੀਆਂ ਹਨ ਜਿਨ੍ਹਾਂ ਨੂੰ ਸਭਾ ਦਾ ਅੰਤਰ-ਰਾਸ਼ਟਰੀ ਸਭਿਆਚਾਰਕ ਕੇਂਦਰ, ਪੰਜਾਬੀ ਭਵਨ, ਮੁਕੰਮਲ ਹੋ ਜਾਣ ਉਪਰੰਤ ਸਮੇਂ ਸਮੇਂ ਅਮਲ ਵਿਚ ਲਿਆਂਦਾ ਜਾਇਗਾ।

**ਕਰਨਜੀਤ ਸਿੰਘ (ਡਾਇਰੈਕਟਰ)**



Sri Satguru Jagjit Singh Ji eLibrary NamdhariElibrary@gmail.com

## ਪ੍ਰਤੀਕਰਮ

ਬੇਨਤੀ ਇਹ ਹੈ ਕਿ ਮੈਂ ਵਰਿਆਮ ਰਸਾਲਾ ਇਸ ਹੋਲੇ ਮਹਲੇ ਤੇ ਹੀ ਲਵਾਇਆ ਹੈ। ਵੈਸੇ ਮੈਂ ਆਪ ਜੀ ਦਾ ਹਰਮਨ ਪਿਆਰਾ ਮੈਗਜ਼ੀਨ ਪੜ੍ਹਦਾ ਹਾਂ। ਜਿਸ ਵਿਚੋਂ ਕਈ ਪ੍ਰਕਾਰ ਦੀਆਂ ਸਾਖੀਆਂ, ਕਹਾਣੀਆਂ, ਲੇਖ ਜੀਵਨ ਨੂੰ ਚੰਗਾ ਬਨਾਉਣ ਲਈ ਪ੍ਰੇਰਦੇ ਹਨ। ਆਪ ਜੀ ਜਨਵਰੀ ਫਰਵਰੀ ਰਸਾਲਾ ਪੜ੍ਹਿਆ ਜਿਸ ਵਿਚੋਂ ਬੜੇ ਬੜੇ ਦਿਲ ਨੂੰ ਸ਼ਾਂਤੀ ਦੇਣ ਵਾਲੇ ਲੇਖ ਪੜ੍ਹੇ। ਜਦੋਂ ਲੇਖ ਪੜ੍ਹਦੇ ਹਾਂ ਮਨ ਪੱਥਰ ਵੀ ਮੋਮ ਬਣ ਜਾਂਦਾ ਹੈ। ਸਾਨੂੰ ਪਤਾ ਲਗ ਜਾਂਦਾ ਹੈ ਜੀਵਨ ਕੀ ਹੈ। ਸੰਸਾਰ ਵਿਚ ਕਿਹੜੀਆਂ ਕਿਹੜੀਆਂ ਔਕੜਾਂ ਆਉਂਦੀਆਂ ਹਨ।

ਪਿਛਲੇ ਹਫਤੇ ਮਾਰਚ ਦਾ ਮੈਗਜ਼ੀਨ ਆਇਆ। ਜਸਵੰਤ ਸਿੰਘ ਜੱਸ ਨੇ ਕਵਿਤਾ ਲਿਖੀ ਘਰ ਸਜਣਾਂ ਦੇ ਜਾਣਾ। ਜਿਸ ਵਿਚ ਥੋੜ੍ਹੇ ਸ਼ਬਦ ਅਤੇ ਬਹੁਤ ਹੀ ਸਮਝਾਉਣ ਦਾ ਯਤਨ ਕੀਤਾ ਹੈ। ਇਹਨਾਂ ਨੇ ਲਿਖਿਆ—ਚਲਦੇ ਫਿਰਦੇ ਰਾਂਝਣ ਬਾਝੋਂ ਸਾਨੂੰ ਭੌਰ ਨਾ ਭਾਵੇ, ਇਸ ਜਗ ਉਤੇ ਇਕੋ ਦਿਸੇ, ਉਹ ਬੋਲੀ ਮਨ ਭਾਣਾ। ਇਹ ਸਭ ਕੁਝ ਜੱਸ ਜੀ ਨੇ ਸਤਿਗੁਰੂ ਜਗਜੀਤ ਸਿੰਘ ਨੂੰ ਮੁਖ਼ਾਤਿਬ ਕਰਕੇ ਕਿਹਾ ਹੈ। ਕਿਉਂਕਿ ਇਹ ਸਮੇਂ ਦੇ ਮਾਲਕ ਹਨ ਅਤੇ ਸਾਡਾ ਬੇੜਾ ਇਹਨਾਂ ਨੇ ਹੀ ਭਵਜਲ ਤੋਂ ਪਾਰ ਕਰਨਾ ਹੈ। ਹੋਰ ਕਿਸੇ ਨਹੀਂ।

ਨਾਨਕ ਸਿੰਘ ਨੇ ਰਖੜੀ ਦੀ ਕਹਾਣੀ ਲਿਖੀ ਜਿਸ ਵਿਚ ਸਚਮੁੱਚ ਹੀ ਇਕ ਪਰਿਵਾਰ ਦੀ ਕਹਾਣੀ ਲਿਖੀ। ਕਹਾਣੀ ਹੀ ਨਹੀਂ ਬਿਲਕੁਲ ਸਚਾਈ। ਮੈਂ ਬਹੁਤ ਵਾਰ ਪੜ੍ਹ ਚੁਕਾਂ ਹਾਂ ਅਤੇ ਕਈ ਸਜਨਾਂ ਨੂੰ ਰਖੜੀ ਦੀ ਕਹਾਣੀ ਪੜ੍ਹਾਈ ਹੈ। ਮੈਂ ਜਿਸ ਵਕਤ ਇਸ ਰਖੜੀ ਦੇ ਤਿਉਹਾਰ ਦੀ ਕਹਾਣੀ ਪੜ੍ਹਦਾ ਹਾਂ। ਮੇਰਾ ਆਪਣਾ ਆਪ ਵੱਸ ਵਿਚ ਨਹੀਂ ਰਹਿੰਦਾ ਮੇਰੇ ਅਥਰੂਆਂ ਦੀ ਕਤਾਰ ਲਗ ਜਾਂਦੀ ਹੈ। ਧੰਨ ਹੈ ਨਾਨਕ ਸਿੰਘ ਜਿਸ ਨੇ ਏਡੀ ਦਰਦ ਭਰੀ ਕਹਾਣੀ ਲਿਖੀ। ਧੰਨ ਹੈ ਸੰਪਾਦਕ ਜਿਸ ਨੇ ਇਸ ਕਹਾਣੀ ਨੂੰ ਵਰਿਆਮ ਵਿਚ ਜਗ੍ਹਾ ਦਿਤੀ। ਇਸ ਹਰਮਨ ਪਿਆਰੀ ਰਖੜੀ ਦੀ ਕਹਾਣੀ ਨੂੰ ਮਨ ਵਿਚ ਥਾਂ ਦੇਂਦਾ ਹੋਇਆ ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਮਾਲਕ ਅਗੇ ਅਰਦਾਸ ਕਰਦਾ ਹਾਂ। ਵੀਰ ਤੋਂ ਬਾਝ ਭੈਣ ਨਾ ਹੋਵੇ। ਭੈਣ ਬਾਝ ਵੀਰਾ ਨਾ ਹੋਵੇ। ਇਹਨਾਂ ਦੋਹਾਂ ਦੀ ਅਰਦਾਸ ਬਾਅਦ ਮਾਸੂਮ ਬਚਿਆਂ ਦਾ ਮਾਤਾ ਪਿਤਾ ਸਿਰ ਤੋਂ ਨਾ ਜਾਵੇ। ਜਿਸਨੂੰ ਇਹਨਾਂ ਵਿਚੋਂ ਕੋਈ ਵੀ ਮੁਸੀਬਤ ਪੇਸ਼ ਆਈ ਹੈ। ਉਹ ਹੀ ਇਸ ਕਹਾਣੀ ਦੇ ਲੇਖ ਨੂੰ ਜਾਣਦਾ ਹੈ। ਸਾਡੇ ਮਾਤਾ ਜੀ ਵੀ ੧੩ ਸਾਲ ਦੇ ਸਨ। ਜਿਨ੍ਹਾਂ ਦੇ ਸਿਰ ਤੋਂ ਸਾਰਾ ਸਾਇਆ ਜਾਂਦਾ ਰਿਹਾ। ਸਾਡੇ ਪੂਜਨੀਕ ਮਾਤਾ ਜੀ ਦੇ ਦਾਦੀ-ਦਾਦਾ ਮਾਤਾ ਜੀ ਪਿਤਾ ਦੋ ਵੀਰ ਇਕ ਭੈਣ ੧੯੪੭ ਦੀ ਲੜਾਈ ਵਿਚ ਸਾਰੇ ਹੀ ਮਾਰੇ ਗਏ। ਜਿੰਨ੍ਹਾਂ ਵਿਚੋਂ ਮਾਤਾ ਜੀ ਬਚੇ। ਉਸ ਤੋਂ ਬਾਅਦ ਪਿਤਾ ਜੀ ੧੯੭੬ ਵਿਚ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਬੜੀ ਮੁਸੀਬਤ ਵਿਚ ਸਾਡੀ ਮਾਤਾ ਜੀ ਨੇ ਸਾਡਾ ਪਾਲਣ ਪੋਸਣ ਕੀਤਾ। ਇਸ ਵਾਸਤੇ ਸਤਿਗੁਰੂ ਜੀ ਆਪਣੀ ਗੁਰਬਾਣੀ ਦੁਆਰਾ ਬਿਆਨ ਕਰਦੇ ਹਨ।

ਜਿਸ ਤਨ ਲਾਗੇ ਸੋਈ ਜਾਣੈ,
ਅਵਰੁ ਕਿਆ ਜਾਣੈ ਪੀਰ ਪਰਾਈ।

ਜਿਸ ਦੇ ਦਿਲ ਨੂੰ ਠੋਕਰ ਲਗੀ ਹੋਵੇ ਉਹ ਹੀ ਜਾਣਦਾ ਹੈ। ਮੈਂ ਰਖੜੀ ਦੀ ਕਹਾਣੀ ਪੜ੍ਹੀ ਬੜੀ ਚੰਗੀ ਲਗੀ। ਤੁਸੀਂ ਕ੍ਰਿਪਾ ਕਰਕੇ ਸੰਸਾਰ ਭਲੇ ਲਈ ਇਹੋ ਜਿਹੀਆਂ ਕਹਾਣੀਆਂ ਭੇਜਦੇ ਰਹਿਣਾ।

**ਬਾਬਾ ਬਲਵੰਤ ਸਿੰਘ**
ਗੁਰਦੁਆਰਾ ਕੋਟਲੀ ਸਿਰਸਾ ੧੨੫੦੫੫

——

'ਜਪਿਉਂ ਜਿਨੁ ਅਰਜਨ ਦੇਵ ਗੁਰੂ' ਲੇਖ ਪੜ੍ਹ ਕੇ ਬੜਾ ਆਨੰਦ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਦਾ ਲਿਸ਼ ਲਿਸ਼ ਕਰਦਾ ਨਿਖਾਰ ਪਾਠਕ ਦੀ ਰੂਹ ਨੂੰ ਠਾਰਦਾ ਹੈ।

**—ਜਸਵੰਤ ਸਿੰਘ (ਜੱਸ)**
ਜਲੰਧਰ



Sri Satguru Jagjit Singh Ji eLibrary NamdhariElibrary@gmail.com

GOLD MEDAL WINNER (1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

ਡਾਲਟਨ ਗੰਜ (ਬਿਹਾਰ)

**Namdhari Brothers**

**DALTON GANJ**

**(Bihar)**

Prop. :
S. AJIT SINGH NAMDHARI

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ

ਚੌਗਾਠਾਂ, ਦਰਵਾਜ਼ੇ, ਖਿੜਕੀਆਂ,
ਰੋਸ਼ਨਦਾਨ ਬਣਵਾਉਣ ਲਈ

ਅਤੇ

ਵਧੀਆ ਕਿਸਮ ਦਾ ਇਮਾਰਤੀ ਸਾਮਾਨ
ਖਰੀਦਣ ਲਈ

# ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ—ਜਸਬੀਰ ਸਿੰਘ)

ਅਕਹਿਰੀ ਪੁਲੀ, ਜਲੰਧਰ

ਵਾਲਿਆਂ ਦੀ ਦੁਕਾਨ ਦੇ ਦਰਸ਼ਨ ਦਿਓ
ਤੇ ਲਾਭ ਪ੍ਰਾਪਤ ਕਰੋ ।



Sri Satguru Jagjit Singh Ji eLibrary NamdhariElibrary@gmail.com

*With best compliments from*

# YOUR
# CLOTH HOUSE

**Wholeseller & Retailor**

**Gents Wing :**
**S.C.F. 1, Sector 20-C, Chandigarh.**
Phone : 23363, 31199

**Ladies Wing :**
**S.C.O. 6, Sector 20-C, Chandigarh.**
Phone : 29849

**Your Saree Centre :**
**S.C.F. No. 1, Sector 20-C, Chandigarh.**



Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

# AMBER BISCUITS Pvt. Ltd.

SANTOSH NAGAR, X'ROAD, HYDERABAD-500035 (INDIA)





Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE,**
**DHAULPUR & GWALIOR BUCH**

PROP. S. DAYA SINGH BHUI

**WZ-2, Mansarover Garden, Ring Road,**
**NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions

## Namdhari Tent House

**53, Hamidia Road Near Alpana Talkies,**
**BHOPAL (M.P.)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU
## IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Beards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR**





Sri Satguru Jagjit Singh Ji eLibrary NamdhariElibrary@gmail.com

GRAMS : MATHARU P. O. Box 64 Ph. 32527
Mfg. : Rice Bran Extraction Plant Accessories

**Matharu Engineering Works**

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.
Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫ਼ੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ·

★
★

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010

Makhan Singh Saggu

**TECHNO INDUSTRIES**
**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144001.



Sri Satguru Jagjit Singh Ji eLibrary NamdhariElibrary@gmail.com

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com

Registered No. PB/JL-253

**MONTHLY WARIAM**
Ladowali Road, Jalandahr-144 001
June-July–1996
Registered with the Registrar of News papers for India No. 26453

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com